# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 185 Thursday, September 26, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਬਾਇਡਨ ਖਿਲਾਫ ਜਾਂਚ ਲਈ ਟਰੰਪ ਨੇ ਯੂਕਰੇਨ ਦੇ ਰਾਸ਼ਟਰਪਤੀ 'ਤੇ ਵਾਰੀ ਵਾਰੀ ਪਾਇਆ ਸੀ ਦਬਾਅ



ਵਾਸ਼ਿੰਗਟਨ, 25 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਖਿਲਾਫ ਇੰਪੀਚਮੈਂਟ (ਮਹਾਭਿਯੋਗ) ਸਬੰਧੀ ਸ਼ੁਰੂ ਹੋਈ ਜਾਂਚ ਤੋਂ ਬਾਅਦ ਸਾਹਮਣੇ ਆਈ ਇੱਕ ਟਰਾਂਸਕ੍ਰਿਪਟ ਮੁਤਾਬਕ ਟਰੰਪ ਵੱਲੋਂ ਯੂਕਰੇਨ ਦੇ ਨਵੇਂ ਆਗੂ ਉੱਤੇ ਵਾਰੀ ਵਾਰੀ ਇਹ ਦਬਾਅ ਪਾਇਆ ਗਿਆ ਕਿ ਉਹ ਅਮਰੀਕਾ ਦੇ ਅਟਾਰਨੀ ਜਨਰਲ ਤੇ ਵਕੀਲ ਰੂਡੀ ਗਿਲਿਆਨੀ ਨਾਲ ਮਿਲ ਕੇ ਉਨ੍ਹਾਂ ਦੇ ਡੈਮੋਕ੍ਰੈਟਿਕ ਸਿਆਸੀ ਵਿਰੋਧੀ ਜੋਅ ਬਾਇਡਨ ਖਿਲਾਫ ਜਾਂਚ ਸ਼ੁਰੂ ਕਰਨ।

ਇਨ੍ਹਾਂ ਗਰਮੀਆਂ ਵਿੱਚ ਕੀਤੀ ਗਈ ਕਾਲ ਵਿੱਚ ਟਰੰਪ ਨੇ ਬਿਨਾਂ ਕਿਸੇ ਸਬੂਤ ਦੇ ਇਹ ਦੋਸ਼ ਲਾਏ ਕਿ ਸਾਬਕਾ ਵਾਈਸ ਪ੍ਰੈਜ਼ੀਡੈਂਟ ਆਪਣੇ ਬੇਟੇ ਹੰਟਰ ਦੇ ਸਬੰਧ ਵਿੱਚ ਯੂਕਰੇਨੀਆਈ ਪ੍ਰੌਸੀਕਿਊਟਰ ਦੇ ਕੰਮ ਵਿੱਚ ਦਖਲ ਦੇ ਰਹੇ ਸਨ। ਟਰੰਪ ਨੇ ਅਜਿਹੇ ਲਹਿਜੇ ਵਿੱਚ ਗੱਲ ਕੀਤੀ ਕਿ ਇੰਜ ਲੱਗ ਰਿਹਾ ਸੀ ਜਿਵੇਂ ਉਹ ਯੂਕਰੇਨ ਦੇ ਰਾਸ਼ਟਰਪਤੀ ਨਾਲ ਸਰਸਰੀ ਗੱਲ ਨਾ ਕਰਕੇ ਉਸ ਨੂੰ ਅਜਿਹਾ ਕਰਨ ਦੀ ਸਲਾਹ ਦੇ ਰਹੇ ਹੋਣ। ਅਜਿਹਾ ਕਰਕੇ ਟਰੰਪ ਨੇ ਸਿੱਧੇ ਤੌਰ ਉੱਤੇ ਆਪਣੀ ਮੰਸ਼ਾ ਜ਼ਾਹਿਰ ਕੀਤੀ। ਟਰੰਪ ਨੇ ਬਾਇਡਨ ਖਿਲਾਫ ਜਾਂਚ ਲਈ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਉੱਤੇ ਦਬਾਅ ਪਾਉਂਦਿਆਂ ਆਖਿਆ ਕਿ ਗਿਲਾਨੀ ਉਨ੍ਹਾਂ ਦਾ ਪਰਸਨਲ ਅਟਾਰਨੀ ਤੇ ਭਰੋਸੇਯੋਗ ਸਲਾਹਕਾਰ ਹੈ। ਟਰੰਪ ਨੇ ਅੱਗੇ ਆਖਿਆ ਕਿ ਉਹ ਗਿਲਾਨੀ ਨੂੰ ਤੁਹਾਡੇ ਸਮੇਤ ਅਟਾਰਨੀ ਜਨਰਲ ਨਾਲ ਗੱਲ ਕਰਨ ਲਈ ਆਖਣਗੇ।

...ਬਾਕੀ ਪੰਨਾ 6 'ਤੇ

# ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰਜ਼ ਵੱਲੋਂ ਬਰੈਂਪਟਨ ਦੇ ਉਮੀਦਵਾਰਾਂ ਦੀ ਡੀਬੇਟ ਸੋਮਵਾਰ ਤੋਂ

ਬਰੈਪਟਨ, 25 ਸਤੰਬਰ (ਪੋਸਟ ਬਿਊਰੋ)- ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰਜ਼ ਐਸੋਸੀਏਸ਼ਨ ਜਿਸ ਵਿਚ 30 ਦੇ ਕਰੀਬ ਮੀਡੀਆ ਸੰਚਾਲਕ ਹਨ, ਵਲੋਂ ਬਰੈਪਟਨ ਦੇ ਉਮੀਦਵਾਰਾਂ ਦੀ ਡੀਬੇਟ ਸੋਮਵਾਰ ਤੋਂ ਕਰਵਾਈ ਜਾ ਰਹੀ ਹੈ। ਸੋਮਵਾਰ ਨੂੰ ਪਹਿਲੀ ਡੀਬੇਟ ਸਵੇਰੇ 7:30 ਵਜੇ ਤੋਂ ਲੈ ਕੇ 9 ਵਜੇ ਤੱਕ ਹੋਵੇਗੀ। 9 ਵਜੇ ਤੱਕ 770 ਏਐਮ ਦੇ ਸਟੂਡੀਓ ਵਿਚ ਹੋਵੇਗੀ। ਜਿਥੇ ਇਸ ਦਾ 770 ਏਐਮ ਉਤੇ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ। ਉਸ ਦੇ ਨਾਲ ਹੀ ਹਮਦਰਦ ਟੀਵੀ, ਪੰਜ ਆਬ ਟੀਵੀ, ਸਰਦਾਰੀ ਟੀਵੀ, ਰੌਣਕ ਪੰਜਾਬ ਦੀ ਅਤੇ ਸਾਂਝਾ ਪੰਜਾਬ ਟੀਵੀ ਉਪਰ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ।

**First Debate Schedule**

| | | |
|---|---|---|
| **Brampton West** | Date- Sep 30,2019 (Monday) Debate Time - 8.00 am to 9.30 am | |
| Kamal Khaira | Liberal | |
| Murarilal Thapliyal | Conservative | 770 Studio |
| Navjeet Kaur | NDP | 2600 Skymark Ave Unit 9 |
| **Brampton North** | Date- Sep 30,2019 (Monday) Debate Time - 1.15pm to 2.45 pm | |
| Ruby Sahota | Liberal | |
| Arpan Khanna | Conservative | 770 Studio |
| Melissa Edwards | NDP | 2600 Skymark Ave Unit 9 |
| **Brampton South** | Date - Oct 1,2019 (Tuesday) Debate Time- 6.00 pm to 7.30 pm | |
| Sonia Sidhu | Liberal | |
| Raman Brar | Conservative | Saab Studio |
| Mandeep Kaur | NDP | 2677 Drew Rd, Mississauga, ON L4T 3X1 |
| **Brampton East** | Date - Oct 1,2019 (Tuesday) - 8.00 pm to 9.30 pm | |
| Maninder Sidhu | Liberal | |
| Ramona Singh | Conservative | Saab Studio |
| Sharanjit Singh | NDP | 2677 Drew Rd, Mississauga, ON L4T 3X1 |
| **Brampton Centre** | Date - Oct 2, 2019 (Wednesday) - 1.15 pm to 2.45 pm | |
| Ramesh Sangha | Liberal | |
| Pawanjit Gosal | Conservative | 770 Studio |
| Jordan Boswell | NDP | 2600 Skymark Ave Unit 9 |

ਪਹਿਲੀ ਡੀਬੇਟ ਬਰੈਪਟਨ ਵੈਸਟ ਦੀ ਹੋਵੇਗੀ, ਜਿਸ ਵਿਚ ਲਿਬਰਲ ਵਲੋਂ ਕਮਲ ਖਹਿਰਾ, ਕੰਜ਼ਰਵੇਟਿਵ ਵਲੋਂ ਮੁਰਾਰੀ ਨਾਲ ਥਾਪਲੀਆਲ, ਐਨਡੀਪੀ ਤੋਂ ਨਵਜੀਤ ਕੌਰ ਭਾਗ ਲੈਣਗੇ। ਫੇਰ ਸ਼ਾਮ ਨੂੰ ਹੀ 770 ਏਐਮ ਉਤੇ ਸਵਾ ਇਕ ਵਜੇ ਤੋਂ ਲੈ ਕੇ 2:45 ਤੱਕ ਬਰੈਪਟਨ ਨਾਰਥ ਦੀ ਡੀਬੇਟ ਰੱਖੀ ਗਈ ਹੈ। ਇਸ ਵਿਚ ਰੂਬੀ ਸਹੋਤਾ ਲਿਬਰਲ, ਅਰਪਨ ਖੰਨਾ ਕੰਜ਼ਰਵੇਟਿਵ, ਮਲੀਸਾ ਐਡਵਰਡ ਐਨਡੀਪੀ ਭਾਗ ਲੈਣਗੇ ਤੇ ਇਸ ਦਾ ਵੀ ਸਿੱਧਾ ਪ੍ਰਸਾਰਣ ਹੋਵੇਗਾ। ਬਰੈਪਟਨ ਸਾਊਥ ਦੀ ਡੀਬੇਟ 1 ਅਕਤੂਬਰ ਦਿਨ ਮੰਗਲਵਾਰ ਨੂੰ ਸ਼ਾਮੀ 6 ਤੋਂ 7:30 ਵਜੇ ਤੱਕ ਹੋਵੇਗੀ। ...ਬਾਕੀ ਪੰਨਾ 6 'ਤੇ

## ਪੰਜਾਬੀ ਪੋਸਟ ਵਿਸ਼ੇਸ਼

# ਜਲਵਾਯੂ ਬਦਲਾਅ ਅਤੇ ਕੈਨੇਡੀਅਨ ਸਿਆਸੀ ਪਾਰਟੀਆਂ ਦੀ ਪਹੁੰਚ



ਕਲਾਈਮੇਟ (ਜਲਵਾਯੂ) ਵਿੱਚ ਤਬਦੀਲੀ ਉਸ ਵੇਲੇ ਹੁੰਦੀ ਹੈ ਜਦੋਂ ਧਰਤੀ ਦਾ ਜਲਵਾਯੂ ਸਿਸਟਮ ਲੰਬੇ ਸਮੇਂ ਦੇ ਇੱਕ ਵਿਸ਼ੇਸ਼ ਪੈਟਰਨ (ਰੁਝਾਨ) ਤੋਂ ਬਾਅਦ ਖਾਸ ਕਿਸਮ ਦੇ ਮੌਸਮ ਨੂੰ ਜਨਮ ਦੇਂਦਾ ਹੈ। ਮੋਟੇ ਤੌਰ ਉੱਤੇ ਜਿਸ ਦਰ ਨਾਲ ਸੂਰਜ ਤਪਸ਼ ਨੂੰ ਛੱਡਦਾ ਹੈ ਅਤੇ ਜਿਸ ਦਰ ਨਾਲ ਧਰਤੀ ਦਾ ਵਾਯੂਮੰਡਲ ਇਸ ਤਪਸ਼ ਨੂੰ ਜਜ਼ਬ ਕਰਦਾ ਹੈ, ਉਸ ਵਿਚਕਾਰਲੇ ਤਵਾਜਨ ਦੇ ਸਿੱਟੇ ਵਜੋਂ ਕਿਸੇ ਖਿੱਤੇ ਦਾ ਜਲਵਾਯੂ ਨਿਰਧਾਰਤ ਹੁੰਦਾ ਹੈ। ਅੱਜ ਵਿਸ਼ਵ ਦਾ ਸੰਕਟ ਇਹ ਹੈ ਕਿ ਹਰ ਪਾਸੇ ਗਰਮੀ ਵੱਧਣ, ਗਲੇਸ਼ੀਅਰਾਂ ਦੇ ਪਿੱਛੇ ਹਟਣ ਅਤੇ ਗਰੀਨ ਹਾਊਸ ਗੈਸਾਂ ਦੇ ਵੱਧ ਛੱਡੇ ਜਾਣ ਵਰਗੇ ਕਾਰਣਾਂ ਕਰਕੇ ਸਾਡਾ ਜਲਵਾਯੂ ਨਿੱਘਰਦਾ ਜਾ ਰਿਹਾ ਹੈ। ਏਹੀ ਕਾਰਣ ਹੈ ਕਿ ਬੀਤੇ ਦਿਨੀਂ ਨਿਊਯਾਰਕ ਵਿੱਚ ਹੋਈ ਯੂਨਾਈਟਡ ਨੇਸ਼ਨਜ਼ ਦੀ ਹੋਈ ਇੱਕਤਰਤਾ ਦੌਰਾਨ ਸਵੀਡਨ ਦੀ 16 ਸਾਲਾ ਬੱਚੀ ਗਰੇਟਾ ਥਨਬਰਗ ਵੱਲੋਂ ਦਿੱਤੀ ਤੇਜ ਤਰਾਰ ਅਤੇ ਭਾਵਪੂਰਣ ਤਕਰੀਰ ਨੇ ਵਿਸ਼ਵ ਨੇਤਾਵਾਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ।

ਵਰਣਨਯੋਗ ਹੈ ਕਿ ਵਿਸ਼ਵ ਦਾ ਤਕਰੀਬਨ ਹਰ ਦੇਸ਼ ਪੈਰਿਸ ਐਗਰੀਮੈਂਟ ਨੂੰ ਇੱਕ ਜਾਂ ਦੂਜੀ ਤਰਾਂ ਸਹੀ ਕਰ ਚੁੱਕਾ ਹੈ। ਪੈਰਿਸ ਐਗਰੀਮੈਂਟ ਮੁਤਾਬਕ ਇੰਡਸਟਰੀਅਲ ਯੁੱਗ ਆਉਣ ਤੋਂ ਪਹਿਲਾਂ ਜੋ ਧਰਤੀ ਦਾ ਤਾਪਮਾਨ ਸੀ, ਸਾਰੀਆਂ ਧਿਰਾਂ ਤਾਪਮਾਨ ਨੂੰ ਉਸ ਨਾਲੋਂ 2 ਡਿਗਰੀ ਸੈਲਸੀਅਸ ਵੱਧ ਤੱਕ ਸੀਮਤ ਕਰਨ ਲਈ ਕੰਮ ਕਰਨਗੀਆਂ। ਯੂਨਾਈਟਡ ਨੇਸ਼ਨਜ ਦੇ ਕਲਾਈਮੇਟ ਬਾਰੇ ਬਣੇ ਇੰਟਰ-ਗਵਰਨ-ਮੈਂਟਲ ਪੈਨਲ ਦੀ 2019 ਦੀ ਰਿਪੋਰਟ ਮੁਤਾਬਕ ਜੇ ਤਾਪਮਾਨ 1.5 ਡਿਗਰੀ ਸੈਲਸੀਅਸ ਵੀ ਘੱਟ ਕਰ ਲਿਆ ਜਾਂਦਾ ਹੈ ਤਾਂ 420 ਮਿਲੀਅਨ ਲੋਕ ਬੇਲੋੜੀ ਗਰਮੀ ਤੋਂ ਬਚ ਸਕਦੇ ਹਨ ਅਤੇ ਵਿਸ਼ਵ ਦਾ ਜਲਵਾਯੂ ਤਰਾਹ ਤਰਾਹ ਵਾਲੀ ਸਥਿਤੀ ਤੋਂ ਬਾਹਰ ਉੱਭਰ ਸਕਦਾ ਹੈ।

...ਬਾਕੀ ਪੰਨਾ 6 'ਤੇ


Best Insurance Rates
Auto • Home • Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
• LIFE INSURANCE • MORTGAGE INSURANCE
• CRITICAL ILLNESS INS • DISABILITY INSURANCE
• TRAVEL INS • FUNERAL INSURANCE
• RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
900 Raylawson Blvd. Unit # 6, Brampton

Punjab Insurance Inc
• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE*
*INDEPENDENTLY OWNED AND OPERATED

63 Talbot Street / BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street / BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com



ਸਾਬਾ ਟਰੈਵਲ ਐਂਡ ਟੂਰ ਵਲੋਂ 550ਵੇਂ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਦਰਸ਼ਨ ਦੀਦਾਰ ਯਾਤਰਾ



- 1st class air-condition Transportation
- 4 Star Hotels
- Breakfast, lunch & Dinner

e-mail:surprisefares@rogers.com

Special Attractions include: Sikh gallery Lahore Museum, Various Gurughars, Shopping Tour Anarkali & Auriga Liberty Center Gulberg

| Hotel Package | 7 Days............. CAD865 |
|---|---|
| | 9 Days............. CAD 965 |

- ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ,
- ਗੁਰਦੁਆਰਾ ਪੱਟੀ ਸਾਹਿਬ,
- ਗੁਰਦੁਆਰਾ ਬਾਲ ਲੀਲਾ ਸਾਹਿਬ,
- ਗੁਰਦੁਆਰਾ ਸੱਚਾ ਸੌਦਾ ਸਾਹਿਬ

ਅਤੇ ਹੋਰ ਵੀ ਕਈ ਗੁਰੂਘਰਾਂ ਦੇ ਦਰਸ਼ਨ ਲਈ

ਸੰਪਰਕ ਕਰੋ:416 926 8250

Security & First Aid will be provided!

208-1555 Kingston rd, Pickering L1V 0E9 | 103-100 Dynamic Drive Toronto M1V 5C4



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Office: 905-488-2100 Ext. 348

Century 21 President Realty Inc Brokerage* Independently Owned and Operated
www.vipcondonetwork.com
27 Armthorpe Rd Brampton #3, ON L6T 5M4 | Fax : 905-488-2101



Data everywhere. No surprise charges anywhere.

NEW

NATION-WIDE. NO ZONES. TALK, TEXT & DATA PLANS $35/MO.

chatr™ AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਮੀਟਿੰਗ ਲਾਈ ਆ ਸੁਣੀਦੀ ਕਾਂਗਰਸੀਆਂ,
ਸੀਟਾਂ ਚਾਰਾਂ ਦੀ ਜਿੱਤਣ ਨੂੰ ਜਿੱਤ ਮਿੱਤਰ।
ਕੀਤੇ ਵਾਅਦੇ ਨਹੀਂ ਅਜੇ ਤੱਕ ਹੋਏ ਪੂਰੇ,
ਰਿਹਾ ਵੋਟਰ ਨਾ ਕਿਸੇ ਦਾ ਮਿੱਤ ਮਿੱਤਰ।
ਪਿਆਰੇ ਸਾਨੂੰ ਨੇ ਸਾਡੇ ਜਦ ਹਿੱਤ ਮਿੱਤਰ,
ਸੋਚ ਰਹੇ ਲੋਕ ਵੀ ਆਪਣਾ ਹਿੱਤ ਮਿੱਤਰ।
ਚੋਣਾਂ ਆਉਣ ਤਾਂ ਲੋਕਾਂ ਦੀ ਕਦਰ ਪੈਂਦੀ,
ਮਿਲੇ ਵਕਤ ਨਾ ਏਦਾਂ ਦਾ ਨਿੱਤ ਮਿੱਤਰ।
ਓਧਰ ਹੋ ਗਏ ਸਰਗਰਮ ਅਕਾਲੀਏ ਵੀ,
ਤੁਰਿਆ ਬੈਂਸ ਦਾ ਸੁਣੀਦਾ ਧੜਾ ਮਿੱਤਰ।
ਕਰਦੇ ਜਿੱਤ ਦੇ ਦਾਅਵੇ ਨੇ ਭਾਜਪਾਈਏ,
ਅੰਦਰ ਜਿਨ੍ਹਾਂ ਦੇ ਰੱਟਾ ਈ ਬੜਾ ਮਿੱਤਰ।

ਤੀਸ ਮਾਰ ਖਾਂ

# ਬਲੈਕਫੇਸ ਸਕੈਂਡਲ ਬਾਰੇ ਟਰੂਡੋ ਨੇ ਕੀਤੀ ਜਗਮੀਤ ਸਿੰਘ ਨਾਲ ਗੱਲਬਾਤ




ਓਟਵਾ, 25 ਸਤੰਬਰ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਨੇ ਬਲੈਕਫੇਸ ਤੇ ਬ੍ਰਾਊਨਫੇਸ ਮੁੱਦੇ ਬਾਰੇ ਨਿਜੀ ਤੌਰ ਉੱਤੇ ਐਨਡੀਪੀ ਆਗੂ ਜਗਮੀਤ ਸਿੰਘ ਕੋਲੋਂ ਮੁਆਫੀ ਮੰਗਣ ਲਈ ਉਨ੍ਹਾਂ ਨਾਲ ਗੱਲ ਕੀਤੀ।
ਮੰਗਲਵਾਰ ਨੂੰ ਦੋਵੇਂ ਆਗੂ ਵੈਨਕੂਵਰ ਇਲਾਕੇ ਵਿੱਚ ਸਨ। ਟਰੂਡੋ ਨੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਬਰਨਾਬੀ, ਬੀਸੀ ਤੋਂ ਕੀਤੀ, ਜੋ ਕਿ ਜਗਮੀਤ ਸਿੰਘ ਦਾ ਹਲਕਾ ਹੈ ਅਤੇ ਸ਼ਾਮ ਵੇਲੇ ਉਨ੍ਹਾਂ ਦੀ ਸਰ੍ਹੀ, ਬੀਸੀ ਵਿੱਚ ਰੈਲੀ ਵੀ ਸੀ। ਦੂਜੇ ਪਾਸੇ ਜਗਮੀਤ ਸਿੰਘ ਦਾ ਬਰਨਾਬੀ ਵਿੱਚ ਟਾਊਨ ਹਾਲ ਸੀ। ਜਗਮੀਤ ਸਿੰਘ ਨਾਲ ਕੈਂਪੇਨ ਉੱਤੇ ਮੌਜੂਦ ਸੀਟੀਵੀ ਨਿਊਜ਼ ਦੇ ਐਨੀ ਬਰਜਰੌਨ ਓਲੀਵਰ ਨੇ ਦੱਸਿਆ ਕਿ ਟਰੂਡੋ ਨੇ ਉਨ੍ਹਾਂ ਨਾਲ ਦਸ ਮਿੰਟ ਗੱਲਬਾਤ ਕੀਤੀ। ਇਸ ਮੌਕੇ ਜਗਮੀਤ ਸਿੰਘ ਨੇ ਬਰਨਾਬੀ ਸਾਊਥ ਹਲਕੇ ਵੱਲ ਜਾਂਦਿਆਂ ਰਾਹ ਵਿੱਚ ਪੜਾਅ ਦੌਰਾਨ ਕੈਂਪੇਨ ਬੱਸ ਦੇ ਪਿਛਲੇ ਹਿੱਸੇ ਵਿੱਚ ਬੈਠ ਕੇ ਹੀ ਟਰੂਡੋ ਨਾਲ ਗੱਲ ਕੀਤੀ।
ਬਰਜਰੌਨ ਓਲੀਵਰ ਦਾ ਕਹਿਣਾ ਹੈ ਕਿ ਜਿਹੜੇ ਪੱਤਰਕਾਰ ਜਗਮੀਤ ਸਿੰਘ ਨਾਲ ਉਨ੍ਹਾਂ ਦੀ ਕੈਂਪੇਨ ਬੱਸ ਵਿੱਚ ਸਨ ਉਹ ਵੀ ਨਹੀਂ ਸਨ ਜਾਣਦੇ ਕਿ ਦੋਵਾਂ ਆਗੂਆਂ ਵਿਚਾਲੇ ਗੱਲਬਾਤ ਹੋਈ ਹੈ। ਇਸ ਗੱਲਬਾਤ ਨੂੰ ਗੁਪਤ ਹੀ ਰੱਖਿਆ ਗਿਆ। ਜਗਮੀਤ ਸਿੰਘ ਨਾਲ ਕੈਂਪੇਨ ਸਟਾਫ ਤੇ ਉੱਘੇ ਸਲਾਹਕਾਰ ਹੀ ਮੌਜੂਦ ਸਨ। ਪੱਤਰਕਾਰਾਂ ਨੂੰ ਵੀ ਇਹ ਗੱਲਬਾਤ ਗੁਪਤ ਰੱਖਣ ਲਈ ਆਖਿਆ ਗਿਆ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਟਰੂਡੋ ਨੇ ਆਖਿਆ ਸੀ ਕਿ ਦੋਵਾਂ ਆਗੂਆਂ ਦੇ ਆਫਿਸ ਕੋਆਰਡੀਨੇਟ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਪਿਛਲੇ ਹਫਤੇ ਆਪਣੀ ਕੈਂਪੇਨ ਨੂੰ ਵਾਪਿਸ ਲੀਹ ਉੱਤੇ ਲਿਆਉਣ ਲਈ ਟਰੂਡੋ ਨੇ ਜਗਮੀਤ ਸਿੰਘ ਨਾਲ ਮੀਟਿੰਗ ਕਰਨ ਦੀ ਇੱਛਾ ਪ੍ਰਗਟਾਈ ਸੀ ਤਾਂ ਕਿ ਉਹ ਸਿੱਧੇ ਤੌਰ ਉੱਤੇ ਐਨਡੀਪੀ ਆਗੂ ਨਾਲ ਗੱਲ ਕਰ ਸਕਣ।

# ਓਨਟਾਰੀਓ ਵਿੱਚ ਸੋਮਵਾਰ ਤੋਂ ਹੜਤਾਲ ਉੱਤੇ ਜਾ ਸਕਦੇ ਹਨ ਸਕੂਲ ਵਰਕਰਜ਼



ਟੋਰਾਂਟੋ, 25 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਨਾਲ ਗੱਲਬਾਤ ਕਿਸੇ ਤਣ-ਪੱਤਣ ਨਾ ਲੱਗਣ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿੱਚ ਸਕੂਲ ਸਪੋਰਟ ਵਰਕਰਜ਼ ਹੜਤਾਲ ਉੱਤੇ ਜਾਣ ਦੀ ਤਿਆਰੀ ਕਰ ਰਹੇ ਹਨ। ਇਹ ਵੀ ਕਿਆਫੇ ਹਨ ਕਿ ਸਕੂਲ ਵਰਕਰਜ਼ ਸੋਮਵਾਰ ਤੋਂ ਹੀ ਹੜਤਾਲ ਸ਼ੁਰੂ ਕਰ ਸਕਦੇ ਹਨ।
ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ (ਕਿਊਪ) ਦੇ ਪ੍ਰੈਜ਼ੀਡੈਂਟ ਲੌਰਾ ਵਾਲਟਨ ਨੇ ਆਖਿਆ ਕਿ ਉਹ ਮੰਗਲਵਾਰ ਨੂੰ ਸਰਕਾਰ ਨੂੰ ਪੰਜ ਦਿਨਾਂ ਦਾ ਨੋਟਿਸ ਦੇਣਗੇ। ਇਹ ਯੂਨੀਅਨ ਕਸਟੋਡੀਅਨਜ਼, ਅਰਲੀ ਚਾਈਲਡਹੁੱਡ ਐਜੂਕੇਟਰਜ਼ ਤੇ ਸਕੂਲ ਐਡਮਨਿਸਟ੍ਰੇਟਰਜ਼ ਦੀ ਨੁਮਾਇੰਦਗੀ ਕਰਦੀ ਹੈ। ਯੂਨੀਅਨ ਇਸ ਤੋਂ ਪਹਿਲਾਂ ਵੀ ਇਹ ਆਖ ਚੁੱਕੀ ਹੈ ਕਿ ਉਨ੍ਹਾਂ ਦੇ 93 ਫੀ ਸਦੀ ਮੈਂਬਰ ਹੜਤਾਲ ਦੇ ਹੱਕ ਵਿੱਚ ਹਨ।
ਵਾਲਟਨ ਨੇ ਆਖਿਆ ਕਿ ਅਸੀਂ ਸੋਮਵਾਰ ਨੂੰ ਹੜਤਾਲ ਸ਼ੁਰੂ ਕਰਨ ਦੀ ਸਥਿਤੀ ਵਿੱਚ ਆ ਜਾਵਾਂਗੇ। ਉਨ੍ਹਾਂ ਆਖਿਆ ਕਿ ਸਕੂਲ ਵੀ ਪਹਿਲਾਂ ਵਾਂਗ ਹੀ ਖੁੱਲ੍ਹੇ ਰਹਿਣਗੇ, ਕਲਾਸਾਂ ਵੀ ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ ਪਰ ਹੜਤਾਲ ਦਾ ਅਸਰ ਮਾਪਿਆਂ ਦੀ ਥਾਂ ਉੱਤੇ ਪ੍ਰਸ਼ਾਸਨ ਉੱਤੇ ਬਹੁਤਾ ਪਵੇਗਾ।
ਮੰਗਲਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਓਨਟਾਰੀਓ ਦੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਯੂਨੀਅਨ ਨੂੰ ਮੁੜ ਗੱਲਬਾਤ ਸ਼ੁਰੂ ਕਰਨ ਦੀ ਗੁਜ਼ਾਰਿਸ਼ ਕੀਤੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre Lic#10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕਾਉਂਸਲਰ ਢਿੱਲੋਂ ਨੂੰ ਮਜ਼ਬੂਰੀ ਵੱਸ ਰੱਦ ਕਰਨਾ ਪਿਆ ਯੂਥ ਬਾਸਕਿਟਬਾਲ ਪ੍ਰੋਗਰਾਮ



ਬਰੈਂਪਟਨ, 25 ਸਤੰਬਰ (ਪੋਸਟ ਬਿਊਰੋ) : ਰੀਜਨਲ ਕਾਉਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਪੀਲ ਡਿਸਟ੍ਰਿਕਟ ਸਕੂਲ ਬੋਰਡ (ਪੀਡੀਐਸਬੀ) ਵੱਲੋਂ ਜਿੰਮ ਦੇ ਕਿਰਾਇਆਂ ਵਿੱਚ ਕੀਤੇ ਵਾਧੇ ਕਾਰਨ ਆਪਣਾ ਯੂਥ ਬਾਸਕਿਟਬਾਲ ਪ੍ਰੋਗਰਾਮ ਰੱਦ ਕਰਨ ਵਾਸਤੇ ਮਜਬੂਰ ਹੋਣਾ ਪੈ ਰਿਹਾ ਹੈ। ਪੀਡੀਐਸਬੀ ਵੱਲੋਂ ਵੀ ਇਹ ਸੰਕੇਤ ਦਿੱਤਾ ਗਿਆ ਹੈ ਇਹ ਵਾਧਾ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਸਿੱਖਿਆ ਸਬੰਧੀ ਕੀਤੀਆਂ ਗਈਆਂ ਕਟੌਤੀਆਂ ਦਾ ਹੀ ਨਤੀਜਾ ਹੈ। 2015 ਤੋਂ ਹੀ ਕਾਉਂਸਲਰ ਢਿੱਲੋਂ ਵੱਲੋਂ ਮੁਫਤ ਵਿੱਚ ਗਰੀਬ ਨੌਜਵਾਨਾਂ ਲਈ ਪੱਲਿਓਂ ਪੈਸੇ ਖਰਚ ਕੇ ਹਫਤਾਵਾਰੀ ਬਾਸਕਿਟਬਾਲ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਪਰ ਸਕੂਲ ਬੋਰਡਾਂ ਲਈ ਪ੍ਰੋਵਿੰਸੀਅਲ ਸਰਕਾਰ ਵੱਲੋਂ ਕੀਤੀਆਂ ਕਟੌਤੀਆਂ ਕਾਰਨ ਜਿੰਮ ਦੇ ਕਿਰਾਏ 4000 ਡਾਲਰ ਤੋਂ 16000 ਡਾਲਰ ਤੱਕ ਵਧਾ ਦਿੱਤੇ ਗਏ। ਕਾਉਂਸਲਰ ਢਿੱਲੋਂ ਨੇ ਆਖਿਆ ਕਿ ਬੱਚਿਆਂ ਲਈ ਇਹ ਬਹੁਤ ਹੀ ਮਾੜੀ ਖਬਰ ਹੈ। ਉਨ੍ਹਾਂ ਆਖਿਆ ਕਿ ਉਹ ਪਿਛਲੇ ਪੰਜ ਸਾਲਾਂ ਤੋਂ ਇਹ ਪ੍ਰੋਗਰਾਮ ਚਲਾ ਰਹੇ ਹਨ ਤੇ ਇਸ ਦਾ ਪੈਸਾ ਉਹ ਆਪਣੀ ਜੇਬ੍ਹ ਵਿੱਚੋਂ ਦੇ ਰਹੇ ਹਨ ਪਰ ਹੁਣ ਇਸ ਦੀਆਂ ਕੀਮਤਾਂ ਬਹੁਤ ਜਿਆਦਾ ਵੱਧ ਗਈਆਂ ਹਨ। ਉਨ੍ਹਾਂ ਅੱਗੇ ਆਖਿਆ ਕਿ ਨੌਜਵਾਨਾਂ ਨਾਲ ਰਾਬਤਾ ਰੱਖਣ ਦਾ ਇਹ ਪ੍ਰੋਗਰਾਮ ਚੰਗਾ ਜਰੀਆ ਹੈ। ਇਹ ਪ੍ਰੋਗਰਾਮ ਅੜੇ ਥੁੜ੍ਹੇ ਨੌਜਵਾਨਾਂ ਨੂੰ ਡਰੱਗਜ, ਗੈਂਗਜ ਤੋਂ ਦੂਰ ਰੱਖ ਕੇ ਸੇਫ ਮਾਹੌਲ ਵਿੱਚ ਮੁਫਤ ਵਿੱਚ ਖੇਡਣ ਦਾ ਮੌਕਾ ਮੁਹੱਈਆ ਕਰਵਾ ਰਿਹਾ ਹੈ। ਕਾਉਂਸਲਰ ਢਿੱਲੋਂ ਨੇ ਪੀਡੀਐਸਬੀ ਵੱਲੋਂ ਹੁਣ ਤੱਕ ਉਨ੍ਹਾਂ ਨੂੰ ਦਿੱਤੇ ਗਏ ਸਮਰਥਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਖਿਆ ਕਿ ਉਹ ਵੀ ਕਟੌਤੀਆਂ ਕਾਰਨ ਬੋਰਡ ਦੀ ਮੌਜੂਦਾ ਵਿੱਤੀ ਸਥਿਤੀ ਨੂੰ ਸਮਝ ਸਕਦੇ ਹਨ। ਉਨ੍ਹਾਂ ਇਸ ਪ੍ਰੋਗਰਾਮ ਵਿੱਚ ਦਿਲਚਸਪੀ ਰੱਖਣ ਵਾਲੇ ਨੌਜਵਾਨਾਂ ਨੂੰ ਸਿਟੀ ਆਫ ਬਰੈਂਪਟਨ ਦੀ ਵੈੱਬਸਾਈਟ ਉੱਤੇ ਨਜਰ ਰੱਖਣ ਲਈ ਆਖਿਆ ਤਾਂ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਮਿਲ ਸਕੇ ਕਿ ਉਹ ਸਿਟੀ ਦੇ ਅਜਿਹੇ ਸਪੋਰਟਸ ਪ੍ਰੋਗਰਾਮ ਲਈ ਹੋਰ ਕਿੱਥੇ ਪਾਰਟੀਸਿਪੇਟ ਕਰ ਸਕਦੇ ਹਨ।

# ਗੁਰਦਾਸ ਮਾਨ ਤੇ ਮੂਸੇਵਾਲੇ ਦਾ ਕੀਤਾ ਜਾਵੇ ਬਾਈਕਾਟ : ਗੁਰਦੁਆਰਾਜ਼ ਕਮੇਟੀ




ਓਂਟਾਰੀਓ, 25 ਸਤੰਬਰ (ਪੋਸਟ ਬਿਊਰੋ)- ਓਂਟਾਰੀਓ ਗੁਰਦੁਆਰਾਜ਼ ਕਮੇਟੀ ਦੀ ਮੀਟਿੰਗ 22 ਸਤੰਬਰ ਦਿਨ ਐਤਵਾਰ ਨੂੰ ਹੋਈ। ਸ਼੍ਰੀ ਅਮਰਜੀਤ ਸਿੰਘ ਮਾਨ ਵਲੋਂ ਇਕ ਪ੍ਰੈਸ ਬਿਆਨ ਜਾਰੀ ਕੀਤਾ ਗਿਆ, ਜਿਸ ਵਿਚ ਸਿੱਧੂ ਮੂਸੇਵਾਲੇ ਤੇ ਗੁਰਦਾਸ ਮਾਨ ਦੀ ਘਟੀਆ ਸੋਚ ਤੇ ਭੱਦੀ ਸ਼ਬਦਾਵਲੀ ਦਾ ਬਹੁਤ ਹੀ ਸਖ਼ਤ ਨੋਟਿਸ ਲਿਆ ਗਿਆ। ਸਿੱਧੂ ਮੂਸੇਵਾਲੇ ਨੇ ਇਕ ਗੀਤ 'ਚ ਬਹੁਤ ਹੀ ਘਟੀਆ ਤਰੀਕੇ ਨਾਲ ਮਾਈ ਭਾਗ ਕੌਰ ਜੀ ਦਾ ਜ਼ਿਕਰ ਕੀਤਾ ਹੈ, ਜੋ ਕਿ ਬਰਦਾਸ਼ਤ ਤੋਂ ਬਾਹਰ ਹੈ। ਕਿਹਾ ਗਿਆ ਕਿ ਇਹ ਲੋਕ ਗਲਤੀਆਂ ਕਰਦੇ ਹਨ, ਮੁਆਫ਼ੀਆਂ ਮੰਗਦੇ ਹਨ ਤੇ ਫੇਰ ਗਲਤੀਆਂ ਕਰਦੇ ਹਨ। ਇਸ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ ਤਾਂ ਕਿ ਹੋਰਨਾਂ ਨੂੰ ਵੀ ਕੰਨ ਹੋਣ। ਗੁਰਦਾਸ ਮਾਨ ਬਾਰੇ ਉਨ੍ਹਾਂ ਕਿਹਾ ਕਿ ਗੁਰਦਾਸ ਮਾਨ ਇਕ ਕਲੰਕ ਹੈ, ਪਹਿਲਾਂ ਤੋਂ ਹੀ ਇਸ ਨੂੰ ਪੰਜਾਬ ਦੀਆਂ, ਪੰਜਾਬੀਆਂ ਦੀਆਂ, ਸਿੱਖਾਂ ਦੀਆਂ ਜੜ੍ਹਾਂ ਅੰਦਰ ਤੇਲ ਪਾਉਣ ਲਈ ਪਾਲਿਆ ਤੇ ਪਲੋਸਿਆ ਗਿਆ ਹੈ। ਜਿਹੜੀ ਇਸ ਨੇ ਚਲਦੇ ਸ਼ੋਅ 'ਚ ਗਾਲ ਕੱਢੀ, ਉਹ ਇਸ ਨੇ ਕਿਸੇ ਬੰਦੇ ਨੂੰ ਨਹੀਂ ਬਲਕਿ ਪੰਜਾਬ ਨੂੰ, ਪੰਜਾਬੀ ਨੂੰ ਤੇ ਪੰਜਾਬੀਅਤ ਨੂੰ ਕੱਢੀ। ਸਾਨੂੰ ਇਸ ਦਾ ਜਵਾਬ ਦੇਣਾ ਬਣਦਾ ਹੈ ਤੇ ਦੇਵਾਂਗੇ ਵੀ। ਅਸੀਂ ਇਸ ਨਾ ਸ਼ੁਕਰੇ, ਅਕ੍ਰਿਤਘਣ ਤੇ ਘਟੀਆ ਬੰਦੇ ਦਾ ਡਟ ਕੇ ਵਿਰੋਧ ਕਰਦੇ ਹਾਂ। ਇਸ ਦੀ ਅਸਲੀਅਤ ਨੂੰ ਪਹਿਚਾਣ ਕੇ ਅਗਾਂਹ ਤੋਂ ਇਸ ਦਾ ਕਿਨਾਰਾ ਕੀਤਾ ਜਾਵੇ।

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

PUNJABI POST
NOW HIRING!
SALES EXECUTIVES
Salary + Commison, Potential to earn $50,000/Year, Must have Own Car, Fluent in English & Punjabi.
Send your resume at: balwinder@punjabipost.ca
Call Punjabi Post: 905.793.2202

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
➔ Automatic & Manual Trucks
○1:1 Training
➔ Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

# ਚਚੇਰੀ ਭੈਣ ਨੂੰ ਗੋਲੀ ਮਾਰਨ ਪਿੱਛੋਂ ਖੁਦਕੁਸ਼ੀ

ਤਰਨ ਤਾਰਨ, 25 ਸਤੰਬਰ (ਪੋਸਟ ਬਿਊਰੋ)- ਭਿੱਖੀਵਿੰਡ ਨੇੜਲੇ ਪਿੰਡ ਬੂੜਚੰਦ ਵਿੱਚ ਕਰਿਆਨੇ ਦੀ ਦੁਕਾਨ ਕਰਨ ਵਾਲੇ ਨੌਜਵਾਨ ਅਮਰਿੰਦਰ ਸਿੰਘ ਨੇ ਆਪਣੇ ਚਾਚੇ ਦੀ ਲੜਕੀ ਨੂੰ ਗੋਲੀ ਮਾਰਨ ਦੇ ਬਾਅਦ ਆਤਮ ਹੱਤਿਆ ਕਰ ਲਈ ਹੈ। ਜ਼ਖਮੀ ਲੜਕੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।
ਪਿੰਡ ਬੂੜਚੰਦ ਦੇ ਵਾਸੀ ਗੁਰਦਿਆਲ ਸਿੰਘ ਦੇ ਤਿੰਨ ਭਰਾ ਬਲਵਿੰਦਰ ਸਿੰਘ, ਅਵਤਾਰ ਸਿੰਘ ਅਤੇ ਪਰਮਜੀਤ ਸਿੰਘ ਇੱਕੋ ਘਰ ਵਿੱਚ ਰਹਿੰਦੇ ਹਨ। ਉਨ੍ਹਾਂ ਦੀਆਂ ਕਸਬੇ ਵਿੱਚ ਦੁਕਾਨਾਂ ਹਨ। ਗੁਰਦਿਆਲ ਸਿੰਘ ਦਾ ਸ਼ਾਦੀਸ਼ੁਦਾ ਲੜਕਾ ਅਮਰਿੰਦਰ ਸਿੰਘ (32) ਅਚਾਨਕ ਸ਼ਾਮ ਨੂੰ ਘਰ ਆਇਆ ਅਤੇ ਆਪਣੇ ਚਾਚਾ ਬਲਵਿੰਦਰ ਸਿੰਘ ਦੇ ਕੋਲੋਂ ਲਾਇਸੈਂਸੀ ਰਿਵਾਲਵਰ ਮੰਗ ਕੇ ਘਰ ਦੇ ਵਿਹੜੇ ਵਿੱਚ ਟਹਿਲਣ ਲੱਗਾ। ਇੰਨੇ ਵਿੱਚ ਬਲਵਿੰਦਰ ਸਿੰਘ ਦੀ ਲੜਕੀ ਕਿਰਨਦੀਪ ਕੌਰ (17) ਉਥੇ ਆਈ। ਦੇਖਦੇ ਹੀ ਅਮਰਿੰਦਰ ਸਿੰਘ ਨੇ ਚਚੇਰੀ ਭੈਣ ਕਿਰਨਦੀਪ ਕੌਰ ਨੂੰ ਗੋਲੀ ਮਾਰ ਦਿੱਤੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergillawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਨਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# 28 ਸਤੰਬਰ ਨੂੰ ਕਾਫ਼ਲੇ ਦੀ ਮੀਟਿੰਗ 'ਚ ਹੋਵੇਗੀ ਪੰਜਾਬੀ ਅਤੇ ਹਿੰਦੀ ਭਾਸ਼ਾ ਦੇ ਮਸਲੇ 'ਤੇ ਚਰਚਾ

**ਪੰਜਾਬੀ ਕਹਾਣੀ ਦੇ ਰੂਪ ਅਤੇ ਜੁਗਤ ਬਾਰੇ ਵੀ ਹੋਵੇਗੀ ਗੱਲਬਾਤ**




ਬਰੈਂਪਟਨ: 25 ਸਤੰਬਰ (ਪਰਮਜੀਤ ਦਿਓਲ) 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਦੀ ਮਾਸਿਕ ਬੈਠਕ 28 ਸਤੰਬਰ ਨੂੰ ਹੋਵੇਗੀ ਜਿਸ ਵਿੱਚ ਪੰਜਾਬੀ ਅਤੇ ਹਿੰਦੀ ਭਾਸ਼ਾ ਦੇ ਮੌਜੂਦਾ ਮਸਲੇ 'ਤੇ ਡਾ ਨਾਹਰ ਸਿੰਘ ਵੱਲੋਂ ਗੱਲਬਾਤ ਹੋਵੇਗੀ, ਜਰਨੈਲ ਸਿੰਘ ਕਹਾਣੀਕਾਰ ਵੱਲੋਂ 'ਪੰਜਾਬੀ ਕਹਾਣੀ ਦਾ ਰੂਪ ਅਤੇ ਟੈਕਨੀਕ' ਵਿਸ਼ੇ 'ਤੇ ਚਰਚਾ ਹੋਵੇਗੀ ਅਤੇ ਕੁਲਵਿੰਦਰ ਖਹਿਰਾ ਵੱਲੋਂ ਅੰਗ੍ਰੇਜ਼ੀ ਲੇਖਕ ਵਿਲੀਅਮ ਵਰਡਜ਼ਵਰਥ ਦੇ ਵਿਚਾਰ ਸਾਂਝੇ ਕੀਤੇ ਜਾਣਗੇ।
ਸਪਰਿੰਗਡੇਲ ਲਾਇਬਰੇਰੀ (10705 ਬਰੈਮਲੀ ਰੋਡ, ਬਰੈਂਪਟਨ) ਵਿੱਚ ਦੁਪਹਿਰ 1.30 ਤੋਂ 4.30 ਵਜੇ ਤੱਕ ਹੋਣ ਜਾ ਰਹੀ ਇਸ ਮੀਟਿੰਗ ਵਿੱਚ ਹਾਜ਼ਰ ਕਵੀਆਂ ਦਾ ਕਲਾਮ ਵੀ ਸੁਣਿਆ ਜਾਵੇਗਾ। ਕਾਫ਼ਲੇ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਅਤੇ ਗੱਲਬਾਤ ਵਿੱਚ ਭਾਗ ਲੈਣ ਲਈ ਸਭ ਦਾ ਸਵਾਗਤ ਹੈ। ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲੈਣ ਲਈ ਤੁਸੀਂ ਕੁਲਵਿੰਦਰ ਖਹਿਰਾ (6470407-1955), ਬ੍ਰਜਿੰਦਰ ਗੁਲਾਟੀ (905-804-1805) ਜਾਂ ਪਰਮਜੀਤ ਦਿਓਲ (647-295-7351) ਨਾਲ਼ ਸੰਪਰਕ ਕੀਤਾ ਜਾ ਸਕਦਾ ਹੈ।

# ਗਲੋਬਲ ਬਿਜਨਸ ਫੋਰਮ: ਮੋਦੀ ਨੇ ਕਿਹਾ: ਤੁਹਾਡੀ ਤਕਨੀਕ ਤੇ ਸਾਡੀ ਪ੍ਰਤਿਭਾ ਨਾਲ ਦੁਨੀਆਂ ਬਦਲ ਸਕਦੀ ਹੈ

ਨਿਊਯਾਰਕ, 25 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਨਿਊਯਾਰਕ ਵਿੱਚਇਸ ਵੇਲੇ ਚੱਲ ਰਹੇ ਗਲੋਬਲ ਬਿਜਨਸ ਫੋਰਮ ਨੂੰ ਅੱਜਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਬੋਧਨ ਕੀਤਾ ਤਾਂ ਇਸ ਮੌਕੇ ਕਿਹਾ ਕਿ ਸਾਡੀ ਨਵੀਂ ਸਰਕਾਰ ਨੂੰ ਅਜੇ 3-4 ਮਹੀਨੇ ਹੋਏ ਹਨ, ਇਹ ਸ਼ੁਰੂਆਤ ਹੈ ਅਤੇ ਲੰਮਾ ਸਮਾਂ ਬਾਕੀ ਹੈ, ਇਸ ਵਿੱਚ ਭਾਰਤ ਨਾਲ ਹਿੱਸੇਦਾਰੀ ਲਈ ਇਹ ਪੂਰੀ ਦੁਨੀਆ ਦੇ ਕਾਰੋਬਾਰੀਆਂ ਲਈ ਸੁਨਹਿਰੀ ਮੌਕਾ ਹੈ।



ਪ੍ਰਧਾਨ ਮੰਤਰੀ ਮੋਦੀ ਨੇ ਸੰਸਾਰ ਪੱਧਰ ਦੇ ਵਪਾਰੀਆਂ ਨੂੰ ਭਾਰਤ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਤੁਸੀਂ ਸਭ ਤੋਂ ਵੱਡੇ ਇਨਫ੍ਰਾਸਟਰਕਚਰ, ਈਕੋਸਿਸਟਮ ਅਤੇ ਸ਼ਹਿਰੀਕਰਨ ਵਿੱਚੋਂ ਕਿਸੇ ਵਿੱਚ ਨਿਵੇਸ਼ ਕਰਨਾ ਹੈ ਤਾਂ ਭਾਰਤ ਆਓ। ਉਨ੍ਹਾਂ ਕਿਹਾ ਕਿ ਦੇਸ਼ ਵਿੱਚਸਹੀ ਬਿਜਨਸ ਮਾਹੌਲ ਲਈ ਭਾਰਤ ਲਗਾਤਾਰ ਯਤਨ ਕਰ ਰਿਹਾ ਹੈ। ਸੜਕ, ਰੇਲ ਤੇ ਹਵਾਈ ਸਹੂਲਤਾਂ ਵਧਾਉਣ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ ਇਨਫ੍ਰਾਸਟਰਕਚਰ ਉੱਤੇ ਅਸੀਂ 100 ਲੱਖ ਕਰੋੜ ਖ਼ਰਚ ਕਰਨ ਵਾਲੇ ਹਾਂ। ਤੁਹਾਡੀ ਤਕਨੀਕ ਤੇ ਸਾਡੀ ਪ੍ਰਤਿਭਾ ਦੁਨੀਆ ਨੂੰ ਬਦਲ ਸਕਦੀ ਹੈ। ਤੁਹਾਡੇ ਪੈਮਾਨੇ ਤੇ ਸਾਡਾ ਹੁਨਰ ਕੌਮਾਂਤਰੀ ਵਿਕਾਸ ਨੂੰ ਰਫ਼ਤਾਰ ਦੇ ਸਕਦੇ ਹਨ ਅਤੇ ਜੇ ਕੋਈ ਫਰਕ ਹੈ, ਤਾਂ ਮੈਂ ਨਿੱਜੀ ਤੌਰ ਉੱਤੇ ਪੁਲ਼ ਦੇ ਰੂਪ ਵਿੱਚ ਕੰਮ ਕਰਾਂਗਾ।
ਇਸ ਦੌਰਾਨ ਪ੍ਰਧਾਨ ਮੰਤਰੀਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਨੇ ਪੰਜ ਟ੍ਰਿਲੀਅਨ ਡਾਲਰ ਇਕਾਨਮੀ ਬਣਾਉਣ ਦਾ ਵੱਡਾ ਟੀਚਾ ਰੱਖਿਆ ਹੈ, ਅਸੀਂ ਜਦੋਂ ਸੱਤਾ ਸੰਭਾਲੀ ਸੀ ਤਾਂ ਦੇਸ਼ ਦੀ ਇਕਾਨਮੀ ਦੋ ਟ੍ਰਿਲੀਅਨ ਡਾਲਰ ਸੀ, ਬੀਤੇ ਪੰਜ ਸਾਲਾਂ ਵਿੱਚ ਅਸੀਂ ਇਕ ਟ੍ਰਿਲੀਅਨ ਡਾਲਰ ਹੋਰ ਜੋੜਿਆ ਹੈ। ਗਲੋਬਲ ਵਪਾਰ ਫੋਰਮ ਵਿੱਚਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਡੇ ਕੋਲ ਐਟਮੀ ਊਰਜਾ ਦੀ ਕਮੀ ਹੈ, ਅਸੀਂ ਨਿਊਕਲੀਅਰ ਸਪਲਾਇਰ ਗਰੁੱਪ (ਐੱਨ ਐੱਸ ਜੀ) ਦੇ ਮੈਂਬਰ ਨਹੀਂ, ਇਸ ਲਈ ਬਾਲਣ ਦੀ ਸਪਲਾਈ ਘੱਟ ਹੈ। ਜੇ ਸਾਨੂੰ ਇਸ ਦਾ ਹੱਲ ਮਿਲ ਗਿਆ ਤਾਂ ਮਾਡਲ ਵਜੋਂ ਇਸ ਖੇਤਰ ਵਿੱਚ ਕੰਮ ਕਰ ਸਕਦੇ ਹਾਂ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅਸੀਂ ਕਾਰਪੋਰੇਟ ਸੈਕਟਰ ਵਿੱਚ ਭਾਰੀ ਟੈਕਸ ਕਟੌਤੀ ਦਾ ਕ੍ਰਾਂਤੀਕਾਰੀ ਫ਼ੈਸਲਾ ਕੀਤਾ ਤੇ ਨਵੀਂ ਸਰਕਾਰ ਬਣਨ ਪਿੱਛੋਂ 50 ਤੋਂ ਵੱਧ ਉਹ ਕਾਨੂੰਨ ਖਤਮ ਕੀਤੇ ਹਨ, ਜਿਹੜੇ ਕਾਰੋਬਾਰ ਦੇ ਰਾਹ ਦਾ ਰੋੜਾ ਸਨ। ਦੁਨੀਆ ਦਾ ਤੀਜਾ ਸਭ ਤੋਂ ਵੱਡਾ ਕੋਲਾ ਭੰਡਾਰਸਾਡਾ ਹੈ। ਅਸੀਂ ਦੁਨੀਆ ਨੂੰ ਭਾਰਤ ਵਿੱਚ ਕੋਲਾ ਗੈਸੀਕਰਨ ਦੀ ਤਕਨੀਕ ਲਿਆਉਣ ਦਾ ਸੱਦਾ ਦਿੰਦੇ ਹਾਂ, ਜੋ ਸਵੱਛ ਊਰਜਾ ਪੈਦਾ ਕਰੇ ਤਾਂ ਗੈਸ ਊਰਜਾ ਵਜੋਂ ਵਰਤੀ ਜਾ ਸਕਦੀ ਹੈ।

# ਕੈਪਟਨ ਅਮਰਿੰਦਰ ਸਿੰਘ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਵੀ ਨਿਸ਼ਾਨੇ ਉੱਤੇ ਰੱਖ ਲਿਆ

ਚੰਡੀਗੜ੍ਹ, 25 ਸਤੰਬਰ, (ਪੋਸਟ ਬਿਊਰੋ)- ਬਰਗਾੜੀ ਦੇ ਬੇਅਦਬੀ ਕਾਂਡ ਵਰਗੇ ਸੰਵੇਦਨਸ਼ੀਲ ਮਾਮਲੇ ਉੱਤੇਕਥਿਤ ਗੁੰਮਰਾਹਕੁੰਨ ਅਤੇ ਪੱਖ-ਪਾਤੀ ਅਖ਼ਬਾਰੀ ਸਿਰਲੇਖ਼ ਨੂੰ ਆਧਾਰ ਮੰਨ ਕੇ ਵਿਰੋਧੀ ਧਿਰ ਨਾਲ ਹੱਥ ਮਿਲਾ ਕੇ ਖੁਦ ਆਪਣੀ ਪਾਰਟੀ ਦੀ ਸਰਕਾਰ ਦੀ ਅਲੋਚਨਾ ਕਰਨ ਵਾਲੇਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰੜੇ ਹੱਥੀਂ ਲਿਆ। ਉਨ੍ਹਾਂ ਨੇ ਬਾਜਵਾ ਉੱਤੇ ਵਰ੍ਹਦੇ ਹੋਏ ਕਿਹਾ ਕਿ ਇੱਕ ਅੰਗਰੇਜ਼ੀ ਅਖ਼ਬਾਰ ਵੱਲੋਂ ਜਾਣ ਬੁੱਝ ਕੇ ਛਾਪੇ ਗਏ ਗ਼ਲਤ ਸਿਰਲੇਖ਼ ਦੇ ਬਹਾਨੇ ਵਿਰੋਧੀ ਪਾਰਟੀਆਂ ਨਾਲ ਮਿਲ ਕੇ ਆਪਣੀ ਹੀ ਪਾਰਟੀ ਦੇ ਖ਼ਿਲਾਫ਼ ਕੂੜ-ਪ੍ਰਚਾਰ ਛੇੜ ਲੈਣਾ ਪ੍ਰਤਾਪ ਸਿੰਘ ਬਾਜਵਾ ਦਾ ਮੂਰਖਾਨਾ ਕਦਮ ਹੈ।



ਮੁੱਖ ਮੰਤਰੀਕੈਪਟਨ ਅਮਰਿੰਦਰ ਸਿੰਘ ਨੇ ਪ੍ਰਤਾਪ ਸਿੰਘ ਬਾਜਵਾ ਉੱਤੇ ਅਕਾਲੀਆਂ ਤੇ ਆਮ ਆਦਮੀ ਪਾਰਟੀ ਦੇ ਹੱਥਾਂ ਵਿੱਚ ਖੇਡਣ ਦਾ ਦੋਸ਼ ਲਾ ਕੇ ਕਿਹਾ ਕਿ ਅਕਾਲੀਆਂ ਵੱਲੋਂ ਬਰਗਾੜੀ ਬੇਅਦਬੀ ਘਟਨਾ ਦੀ ਜਾਂਚ ਭਟਕਾਉਣ ਦਾ ਸਾਥ ਦੇਣ ਤੇ ਬੁਰੀ ਤਰਾਂ ਨਕਾਰੀ ਅਤੇ ਨਿਰਾਸ਼ੀ ਆਮ ਆਦਮੀ ਪਾਰਟੀ ਦੇ ਉੱਪ ਚੋਣਾਂ ਦੌਰਾਨ ਪੈਰ ਲਵਾਉਣ ਦੀਆਂ ਕੋਸ਼ਿਸ਼ਾਂ ਨੂੰ ਕਾਮਯਾਬ ਕਰਨ ਲਈ ਇਹ ਕੁਝ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਬਾਜਵਾ ਨੇ ਇਸ ਟਿੱਪਣੀ ਨਾਲਰਾਜਦਾਮਾਹੌਲ ਖਰਾਬ ਕਰ ਰਹੀਆਂ ਤਾਕਤਾਂ, ਜਿਨਾਂ ਨੇ ਦਸ ਸਾਲ ਪੰਜਾਬ ਨੂੰ ਹਨੇਰੇ ਵੱਲ ਧੱਕੀ ਰੱਖਿਆ, ਦੇ ਇਰਾਦੇ ਕਾਮਯਾਬ ਕਰਨ ਤੇ ਵਿਕਾਸ ਦੇ ਰਾਹ ਉੱਤੇਪੈ ਚੁੱਕਾ ਪਹੀਆ ਰੋਕਣ ਦਾ ਯਤਨ ਕੀਤਾ ਹੈ। ਸਿਰਫ ਇੱਕ ਸਿਰਲੇਖ਼ ਨਾਲਬਾਜਵਾ ਵੱਲੋਂ ਟਿੱਪਣੀ ਕਰਨ ਨੂੰ ਸਿਰੇ ਦੀ ਗੈਰ-ਜ਼ਿੰਮੇਵਾਰਾਨਾ ਹਰਕਤ ਕਰਾਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਸ ਵਰਗੇ ਹੰਢੇ ਹੋਏ ਆਗੂ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ। ਉਨਾਂ ਬਾਜਵਾ ਦੀ ਇਸ ਕਾਰਵਾਈ ਨੂੰ ਰਾਜਸੀ ਬੇਸਮਝੀ ਕਰਾਰ ਦਿੱਤਾ।
ਸਖ਼ਤ ਸ਼ਬਦਾਂ ਵਿੱਚ ਬਿਆਨ ਜਾਰੀ ਕਰਦਿਆਂਮੁੱਖ ਮੰਤਰੀ ਨੇ ਕਿਹਾ, ਮੈਂ ਬਾਜਵਾ ਅਤੇ ਬਾਕੀ ਸਾਰਿਆਂ, ਜਿਨ੍ਹਾਂ ਨੇ ਅਖ਼ਬਾਰ ਦੀ ਸੁਰਖੀ ਦੇ ਆਧਾਰ ਉੱਤੇ ਮੇਰੇਵਿਰੋਧ ਦੀ ਕਾਹਲ ਕੀਤੀ, ਨੂੰ ਦੱਸਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਇੰਟਰਵਿਊ ਪੜ੍ਹੀ ਹੈ, ਜਿਸ ਨੂੰ ਆਧਾਰ ਬਣਾ ਕੇ ਦੋਸ਼ ਲਾ ਰਹੇ ਹਨ?' ਉਨਾਂ ਕਿਹਾ ਕਿ ਉਹ ਇਕ ਵੀ ਵਾਕ ਦੱਸ ਸਕਦੇ ਹਨ, ਜੋ ਇਹ ਨਤੀਜਾ ਕੱਢਦਾ ਹੋਵੇ ਕਿ ਮੈਂ ਬਰਗਾੜੀ ਕੇਸ ਵਿੱਚ ਪ੍ਰਕਾਸ਼ ਸਿੰਘ ਬਾਦਲ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਬੰਧਤ ਅਖ਼ਬਾਰ ਨੇ ਇੰਟਰਵਿਊ ਨੂੰ ਸਨਸਨੀਖੇਜ਼ ਬਣਾਉਣ ਲਈ ਸੁਰਖੀ ਤੋੜ-ਮਰੋੜ ਕੇ ਗੈਰ-ਜ਼ਿੰਮੇਵਾਰੀ ਦਾ ਪ੍ਰਗਟਾਵਾ ਕੀਤਾ ਤੇ ਇਹ ਸੀਨੀਅਰ ਨੇਤਾ ਬਿਖੇੜਾ ਖੜਾ ਕਰਕੇ ਬਲਦੀ ਉੱਤੇ ਤੇਲ ਪਾ ਰਹੇ ਹਨ।

# ਬੇਅਦਬੀ ਮਾਮਲਾ: ਸੀ ਬੀ ਆਈ ਨੇ ਨਵੀਂ ਐੱਸ ਆਈ ਟੀ ਬਣਾ ਕੇ ਅਦਾਲਤ ਤੋਂ ਫਿਰ ਬਹਿਸ ਦਾ ਸਮਾਂ ਮੰਗਿਆ

ਮੋਹਾਲੀ, 25 ਸਤੰਬਰ, (ਪੋਸਟ ਬਿਊਰੋ)- ਚਾਰ ਸਾਲ ਪੁਰਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਕੇਸ ਨੂੰ ਬੰਦ ਕਰਨ ਦੇ ਲਈ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਵੱਲੋਂ ਮੋਹਾਲੀ ਕੋਰਟ ਨੂੰ ਦਿੱਤੀ ਕਲੋਜ਼ਰ ਰਿਪੋਰਟ ਉੱਤੇ ਸੁਣਵਾਈ ਦੌਰਾਨ ਅੱਜ ਜਾਂਚ ਏਜੰਸੀਨੇਸੀ ਬੀ ਆਈ ਜੱਜ ਜੀ ਐੱਸ ਸੇਖੋਂ ਦੀ ਅਦਾਲਤਨੂੰ ਕਿਹਾ ਕਿ ਇਸ ਕੇਸ ਵਿੱਚ ਨਵੀਂ ਐੱਸ ਆਈ ਟੀ ਬਣਾਈ ਤੇ ਨਵਾਂ ਜਾਂਚ ਅਫਸਰਲਾਇਆ ਹੈ। ਸੀ ਬੀ ਆਈ ਨੇ ਕੇਸ ਦੇ ਦਸਤਾਵੇਜ਼ ਤੇ ਕਾਰਵਾਈ ਸਮਝਣ ਤੇ ਜਾਂਚਣ ਲਈ ਅਦਾਲਤ ਤੋਂ ਬਹਿਸ ਕਰਨ ਲਈ ਇਕ ਮਹੀਨੇ ਦਾ ਸਮਾਂ ਮੰਗਿਆ ਸੀ। ਕੋਰਟ ਨੇ ਇਸ ਸੀ ਬੀ ਆਈ ਨੂੰ ਸਮਾਂ ਦੇ ਕੇ 30 ਅਕਤੂਬਰ ਤਕ ਜਵਾਬ ਦਾਖ਼ਲ ਕਰਨ ਦੇ ਲਈ ਕਹਿ ਦਿੱਤਾ ਹੈ।
ਇਸ ਦੌਰਾਨ ਅੱਜ ਸੁਣਵਾਈ ਵੇਲੇ ਸ਼ਿਕਾਇਤਕਰਤਾ ਗੋਰਾ ਤੇ ਰਣਜੀਤ ਸਿੰਘ ਦੇ ਵਕੀਲ ਗਗਨ ਪ੍ਰਦੀਪ ਬੱਲ ਨੇ ਸੀ ਬੀ ਆਈ ਕੋਰਟ ਵਿੱਚ ਜਾਂਚ ਏਜੰਸੀ ਤੇ ਸਾਬਕਾ ਵਿਧਾਇਕ ਹਰਬੰਸ ਸਿੰਘ ਜਲਾਲ ਦੀਵੱਖਰੀ ਪਟੀਸ਼ਨਦਾਜਵਾਬ ਦੇਂਦੇ ਹੋਏ ਕਿਹਾ ਕਿ ਜਲਾਲ ਨੂੰ ਕੇਸ ਵਿੱਚ ਦਖ਼ਲ ਦੇਣ ਦਾ ਹੱਕ ਨਹੀਂ, ਕਿਉਂਕਿ ਜਦੋਂ ਬਿਆਨ ਹੋਏ ਸਨ, ਉਹ ਕਿੱਥੇ ਸੀ। ਉਨ੍ਹਾਂ ਕਿਹਾ ਕਿ ਜਲਾਲ ਸੁਣਵਾਈ ਨੂੰ ਬਿਆਨਾਂ ਨਾਲ ਪ੍ਰਭਾਵਤ ਕਰ ਰਿਹਾ ਹੈ ਤੇ ਜਦੋਂ ਇਸ ਨਾਲ ਜੁੜੇ ਕੇਸਾਂ ਦੀ ਪਹਿਲਾਂ ਸੁਣਵਾਈ ਹੋਈ, ਓਦੋਂ ਕਦੇ ਗਵਾਹੀ ਦੇਣ ਨਹੀਂ ਪੁੱਜਾ। ਸੀ ਬੀ ਆਈਵਾਲੀ ਪਟੀਸ਼ਨਬਾਰੇ ਐਡਵੋਕੇਟ ਬੱਲ ਨੇ ਕਿਹਾ ਕਿ ਸੀ ਬੀ ਆਈਨੂੰ ਪੰਜਾਬ ਦੇ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਇਨਪੁੱਟ ਦਿੱਤੇ, ਜੇ ਉਹ ਨਾ ਦੇਂਦੇ ਤਾਂ ਕਲੋਜ਼ਰ ਰਿਪੋਰਟ ਅੰਤਮ ਹੋਣੀ ਸੀ। ਉਨ੍ਹਾਂ ਕਿਹਾ ਕਿ ਦੋਸ਼ੀਆਂ ਕੋਲੋਂ ਲਾਈ-ਡਿਟੈਕਟਿਵ ਟੈਸਟ ਤੇ ਪੋਲੀਓਗ੍ਰਾਫੀ ਟੈਸਟ ਵਿੱਚ ਪੁੱਛੇ ਸਵਾਲਾਂ ਵਿੱਚ ਤਿੰਨ ਸਵਾਲ ਅਜਿਹੇ ਸਨ, ਜਿਸ ਉੱਤੇਦੋਸ਼ੀ ਨੇ ਜਵਾਬ ਦੇਣ ਤੋਂ ਨਾਂਹ ਕੀਤੀ ਅਤੇ ਸੀ ਬੀ ਆਈ ਨੇ ਸਹੀ ਮੰਨਿਆ ਸੀ। ਉਨ੍ਹਾਂ ਅਦਾਲਤ ਨੂੰ ਕਿਹਾ ਕਿ ਹਾਲੇ ਸੱਤ ਜਣਿਆਂ ਦੀ ਰਿਪੋਰਟ ਬਾਕੀ ਹੈ, ਉਸ ਤੋਂ ਬਿਨਾਂ ਸੀ ਬੀ ਆਈ ਨੇ ਕਲੋਜ਼ਰ ਰਿਪੋਰਟ ਕਿਵੇਂ ਬਣਾਈ ਤੇ ਪੋਸਟਰ ਉੱਤੇ ਲੱਗੇ ਫਿੰਗਰਪ੍ਰਿੰਟ ਨੂੰ ਹੱਥਲਿਖਤ (ਹੈਂਡ-ਰਾਈਟਿੰਗ) ਨਾਲ ਮੈਚ ਕਿਵੇਂ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਸੀ ਬੀ ਆਈ ਇਕ ਵਾਰੀ ਕਲੋਜ਼ਰ ਰਿਪੋਰਟ ਦੇ ਚੁੱਕੀ ਹੈ ਤਾਂ ਕੇਸ ਉਸ ਕੋਲ ਨਹੀਂ ਜਾਣਾ ਚਾਹੀਦਾ।

# ਸੋਸ਼ਲ ਮੀਡੀਆ ਉੱਤੇ ਟਿਕਟ ਵੇਚਣ ਦਾ ਮੈਸੇਜ ਸ਼ੇਅਰ ਕਰਨ ਵਾਲੇ ਨੂੰ ਕਾਂਗਰਸ ਹਾਈ ਕਮਾਨ ਦਾ ਨੋਟਿਸ

ਫਾਜ਼ਿਲਕਾ, 25 ਸਤੰਬਰ (ਪੋਸਟ ਬਿਊਰੋ)- ਜਲਾਲਾਬਾਦ ਵਿਧਾਨ ਸਭਾ ਦੀ ਉਪ ਚੋਣ ਦੇ ਵਾਸਤੇ ਰਮਿੰਦਰ ਆਵਲਾ ਨੂੰ ਉਮੀਦਵਾਰ ਐਲਾਨ ਕਰਨ ਦੇ ਬਾਅਦ ਜਲਾਲਾਬਾਦ ਦੇ ਕਾਂਗਰਸੀਆਂ ਵਿੱਚ ਖਲਬਲੀ ਮੱਚੀ ਪਈ ਹੈ। ਅਸਲ ਵਿੱਚ ਟਿਕਟ ਮਿਲਣ ਪਿੱਛੋਂ ਸੋਸ਼ਲ ਮੀਡੀਆ ਉਤੇ ਜਲਾਲਾਬਾਦ ਦੇ ਇੱਕ ਗਰੁੱਪ ਵਿੱਚ ਕਾਂਗਰਸ ਦੀ ਟਿਕਟ 'ਤੇ ਜਲਾਲਾਬਾਦ ਤੋਂ ਚੋਣ ਲੜ ਚੁੱਕੇ ਮਲਕੀਤ ਸਿੰਘ ਹੀਰਾ ਨੇਂ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ 'ਤੇ 25 ਕਰੋੜ ਦੀ ਟਿਕਟ ਵੇਚਣ ਦੇ ਦੋਸ਼ ਲਾਏ ਅਤੇ ਇਨ੍ਹਾਂ ਦੋਸ਼ਾਂ ਦੇ ਬਾਅਦ ਖੁਦ ਨੂੰ ਦਾਅਵੇਦਾਰ ਦੱਸਣ ਵਾਲੇ ਮਲਕੀਤ ਸਿੰਘ ਵਿਰੁੱਧ ਪਾਰਟੀ ਵਿਰੋਧੀ ਸਰਗਰਮੀਆਂ ਨੂੰ ਸੋਸ਼ਲ ਮੀਡੀਆ ਉੱਤੇ ਵਾਇਰਲ ਕਰਨ ਦੇ ਦੋਸ਼ ਹੇਠ ਪੰਜਾਬ ਕਾਂਗਰਸ ਦੇ ਜਨਰਲ ਸੈਕਟਰੀ ਸੰਦੀਪ ਸੰਧੂ ਨੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਉਨ੍ਹਾਂ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਦਾ ਅਕਸ ਖਰਾਬ ਕਰਨ ਦੇ ਲਈ ਮਲਕੀਤ ਸਿੰਘ ਨੂੰ ਸੱਤ ਦਿਨਾਂ ਵਿੱਚ ਆਪਣਾ ਪੱਖ ਰੱਖਣ ਦਾ ਸਮਾਂ ਦਿੱਤਾ ਹੈ। ਇਸ ਦੀ ਪੁਸ਼ਟੀ ਕਾਂਗਰਸ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਰੰਜਮ ਕਮਰਾ ਨੇ ਕੀਤੀ ਹੈ।

# ਓਵੈਸੀ ਨੇ ਕਿਹਾ: ਨਰਿੰਦਰ ਮੋਦੀ ਕਦੇ ਵੀ 'ਫਾਦਰ ਆਫ ਇੰਡੀਆ' ਨਹੀਂ ਹੋ ਸਕਦੇ



ਹੈਦਰਾਬਾਦ, 25 ਸਤੰਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਫਾਦਰ ਆਫ ਇੰਡੀਆ' ਕਹੇ ਜਾਣਬਾਰੇ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਮੀਨ (ਏ ਆਈ ਐੱਮ ਆਈ ਐੱਮ) ਦੇ ਮੁਖੀ ਅਤੇ ਪਾਰਲੀਮੈਂਟ ਮੈਂਬਰ ਅਸਦੁਦੀਨ ਓਵੈਸੀ ਨੇ ਨਿਸ਼ਾਨਾ ਸਾਧਿਆ ਤੇ ਕਿਹਾ ਹੈ ਕਿ ਨਰਿੰਦਰ ਮੋਦੀ ਦੂਰ-ਦੂਰ ਤੱਕ 'ਫਾਦਰ ਆਫ ਇੰਡੀਆ' ਕਹਾਉਣ ਦੇ ਹੱਕਦਾਰ ਨਹੀਂ ਹਨ।
ਅਸਦੁਦੀਨਓਵੈਸੀ ਨੇ ਕਿਹਾ ਕਿ ਡੋਨ-ਾਲਡ ਟਰੰਪ ਜਾਹਿਲ ਆਦਮੀ ਹਨ ਤੇ ਜ਼ਿਆਦਾ ਪੜ੍ਹੇ-ਲਿਖੇ ਨਹੀਂ। ਨਾ ਉਨ੍ਹਾਂ ਨੂੰ ਹਿੰਦੁਸਤਾਨ ਬਾਰੇ ਤੇ ਨਾ ਉਨ੍ਹਾਂ ਨੂੰ ਮਹਾਤਮਾ ਗਾਂਧੀ ਬਾਰੇ ਪਤਾ ਹੈ। ਟਰੰਪ ਨੂੰ ਦੁਨੀਆ ਦਾ ਕੁਝ ਵੀ ਨਹੀਂ ਪਤਾ।ਓਵੈਸੀਨੇ ਕਿਹਾ, 'ਨਰਿੰਦਰ ਮੋਦੀ ਨੂੰ 'ਫਾਦਰ ਆਫ ਇੰਡੀਆ' ਕਹਿਣ ਵਾਲੇ ਟਰੰਪ ਜਾਹਿਲ ਤੇ ਅਗਿਆਨੀ ਹਨ। ਗਾਂਧੀ ਤੇ ਮੋਦੀ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਮੋਦੀ ਕਦੇ ਫਾਦਰ ਆਫ ਇੰਡੀਆ ਨਹੀਂ ਹੋ ਸਕਦੇ।' ਉਨ੍ਹਾ ਕਿਹਾ, 'ਟਰੰਪ ਨੂੰ ਪਤਾ ਹੁੰਦਾ ਤਾਂ ਏਦਾਂ ਦੇ ਜੁਮਲੇ ਨਾ ਛੱਡਦੇ। ਮਹਾਤਮਾ ਗਾਂਧੀ ਨੂੰ ਰਾਸ਼ਟਰ ਪਿਤਾ ਦਾ ਖਿਤਾਬ ਇਸ ਲਈ ਮਿਲਿਆ ਸੀ ਕਿ ਉਨ੍ਹਾਂ ਨੇ ਇਹ ਆਪਣੇ ਕੰਮਾਂ ਨਾਲ ਹਾਸਲ ਕੀਤਾ ਸੀ। ਲੋਕਾਂ ਨੇ ਉਨ੍ਹਾਂ ਦੀ ਕੁਰਬਾਨੀ ਦੇਖ ਕੇ ਉਨ੍ਹਾਂ ਨੂੰ ਉਪਾਧੀ ਦਿੱਤੀ ਸੀ। ਏਦਾਂ ਦੇ ਖਿਤਾਬ ਦਿੱਤੇ ਨਹੀਂ ਜਾਂਦੇ, ਹਾਸਲ ਕੀਤੇ ਜਾਂਦੇ ਹਨ। ਪੰਡਤ ਨਹਿਰੂ ਅਤੇ ਸਰਦਾਰ ਪਟੇਲ ਹਿੰਦੁਸਤਾਨ ਦੀ ਸਿਆਸਤ ਦੀਆਂ ਉੱਚੀਆਂ ਸ਼ਖਸੀਅਤਾਂ ਸਨ, ਪਰ ਉਨ੍ਹਾਂ ਨੂੰ ਕਦੇ ਫਾਦਰ ਆਫ ਨੇਸ਼ਨ ਨਹੀਂ ਕਿਹਾ ਗਿਆ।'
ਟਕੋਰ ਕਰਦੇ ਹੋਏ ਓਵੈਸੀ ਨੇ ਕਿਹਾ, 'ਨਰਿੰਦਰ ਮੋਦੀ ਨੂੰ ਏਲਵਿਸ ਪ੍ਰੇਸਲੀ ਕਿਹਾ ਗਿਆ ਤਾਂ ਇਸ ਵਿੱਚ ਸੱਚਾਈ ਹੋ ਸਕਦੀ ਹੈ। ਏਲਵਿਸ ਪ੍ਰੇਸਲੀ ਬਾਰੇ ਜੋ ਮੈਂ ਪੜ੍ਹਿਆ ਹੈ, ਬਿਹਤਰੀਨ ਗਾਣਾ ਗਾਉਂਦੇ ਅਤੇ ਮਜਮਾ ਜਮਾਉਂਦੇ ਸਨ। ਸਾਡੇ ਪ੍ਰਧਾਨ ਮੰਤਰੀ ਵੀ ਚੰਗਾ ਭਾਸ਼ਣ ਦਿੰਦੇ ਅਤੇ ਭੀੜ ਜਮਾਉਂਦੇ ਹਨ। ਇਹ ਗੱਲ ਮਿਲਦੀ-ਜੁਲਦੀ ਹੈ।'
ਵਰਨਣ ਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੱਲ੍ਹਨਰਿੰਦਰ ਮੋਦੀ ਨੂੰ 'ਫਾਦਰ ਆਫ ਇੰਡੀਆ' ਕਿਹਾ ਤੇਉਸ ਦੀ ਤੁਲਨਾ ਅਮਰੀਕਾ ਦੇ ਰਾਕ-ਸਟਾਰ ਏਲਵਿਸ ਪ੍ਰੇਸਲੀ ਨਾਲ ਕੀਤੀ ਸੀ। ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, 'ਮੈਨੂੰ ਉਹ ਭਾਰਤ ਯਾਦ ਹੈ, ਜੋ ਕਾਫੀ ਵੰਡਿਆ ਹੋਇਆ ਸੀ। ਓਥੇ ਕਾਫੀ ਮਤਭੇਦ ਅਤੇ ਲੜਾਈਆਂ ਸਨ, ਪਰ ਉਹ (ਨਰਿੰਦਰਮੋਦੀ) ਸਭ ਨੂੰ ਨਾਲ ਲੈ ਕੇ ਆਏ, ਜਿਵੇਂ ਇਕ ਪਿਤਾ ਸਭ ਨੂੰ ਨਾਲ ਲੈਂਦਾ ਹੈ। ਸ਼ਾਇਦ ਉਹ ਭਾਰਤ ਦੇ ਪਿਤਾ ਹਨ। ਅਸੀਂ ਉਨ੍ਹਾਂ ਨੂੰ ਫਾਦਰ ਆਫ ਇੰਡੀਆ ਕਹਾਂਗੇ।' ਜਦੋਂ ਟਰੰਪ ਤੋਂ ਹਿਊਸਟਨ ਇਵੈਂਟ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ, 'ਮੇਰੇ ਸੱਜੇ ਪਾਸੇ ਜੋ ਬੈਠੇ ਹਨ, ਉਨ੍ਹਾਂ (ਮੋਦੀ) ਨੂੰ ਲੋਕ ਪਸੰਦ ਕਰਦੇ ਹਨ। ਲੋਕ ਪਾਗਲ ਹੋ ਜਾਂਦੇ ਹਨ, ਇਹ ਏਲਵਿਸ ਦੇ ਇੰਡੀਅਨ ਵਰਜਨ ਹਨ।' ਅਮਰੀਕੀ ਸਿੰਗਰ ਅਤੇ ਐਕਟਰ ਏਲਵਿਸ ਪ੍ਰੇਸਲੀ ਨੂੰ 'ਕਿੰਗ ਆਫ ਰਾਕ ਐਂਡ ਰੋਲ' ਕਿਹਾ ਜਾਂਦਾ ਸੀ।

# ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦਾ ਛੇਵਾਂ ਬੰਦਾ ਟਾਂਡਾ ਤੋਂ ਗ੍ਰਿਫਤਾਰ

ਅੰਮ੍ਰਿਤਸਰ, 25 ਸਤੰਬਰ, (ਪੋਸਟ ਬਿਊਰੋ)- ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਛੇਵੇਂ ਖਾੜਕੂ ਨੂੰ ਵੀ ਪੰਜਾਬ ਪੁਲਿਸ ਦੀ ਖ਼ੁਫ਼ੀਆ ਬ੍ਰਾਂਚ ਨੇ ਅੱਜ ਬੁੱਧਵਾਰ ਸ਼ਾਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਟਾਂਡਾ ਤੋਂ ਗ੍ਰਿਫਤਾਰ ਕਰ ਲਿਆ ਹੈ। ਉਹ ਟਾਂਡਾ ਨੇੜੇ ਪਿੰਡ ਚੱਝ ਦਾ ਰਹਿਣ ਵਾਲਾ ਗੁਰਦੇਵ ਸਿੰਘ ਅਤੇ ਜਰਮਨ ਹੈਂਡਲਰ ਗੁਰਮੀਤ ਸਿੰਘ ਬੱਗਾ ਦਾ ਭਰਾ ਹੈ। ਜਾਂਚ ਏਜੰਸੀਆਂ ਹਾਲੇ ਤੱਕ ਫੜੇ ਗਏ ਛੇ ਜਣਿਆਂ ਤੋਂ ਜੁਆਇੰਟ ਇੰਟੈਰੋਗੇਸ਼ਨ ਸੈਂਟਰ ਵਿੱਚ ਪੁੱਛਗਿੱਛ ਕਰ ਰਹੀਆਂ ਹਨ। ਪੰਜਾਬ ਪੁਲਿਸ ਦੀ ਖ਼ੁਫ਼ੀਆ ਸੇਵਾ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਫੜੇ ਅਕਾਸ਼ਦੀਪ ਸਿੰਘ ਉਰਫ਼ ਅਕਾਸ਼ ਦੇ ਦੱਸੇ ਟਿਕਾਣਿਆਂ ਉੱਤੇ ਛਾਪੇ ਦੌਰਾਨ ਗੁਰਦੇਵ ਸਿੰਘ ਨੂੰ ਫੜਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਗੁਰਦੇਵ ਸਿੰਘ ਦੇ ਖ਼ਿਲਾਫ਼ ਪਹਿਲਾਂ ਵੀ ਦੇਸ਼ ਵਿਰੋਧੀ ਸਰਗਰਮੀਆਂਦਾਕੇਸਬਣਿਆ ਸੀ, ਪਰ ਪੁਲਿਸ ਨੂੰ ਚਕਮਾ ਦੇ ਕੇ ਥਾਈਲੈਂਡ ਚਲਾ ਗਿਆ ਸੀ। ਜਦੋਂ ਸੁਰੱਖਿਆ ਏਜੰਸੀਆਂ ਨੂੰ ਪਤਾ ਲੱਗਾ ਤਾਂ ਥਾਈਲੈਂਡ ਸਰਕਾਰ ਨੂੰ ਸੂਚਨਾ ਦਿੱਤੀ ਗਈ ਤੇ ਥਾਈਲੈਂਡ ਸਰਕਾਰ ਨੇ ਉਸ ਨੂੰ ਡੀਪੋਰਟ ਕਰ ਦਿੱਤਾ ਸੀ। ਇਸ ਪਿੱਛੋਂ ਪੰਜਾਬ ਪੁਲਿਸ ਨੇ ਗੁਰਦੇਵ ਸਿੰਘ ਨੂੰ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗ੍ਰਿਫਤਾਰ ਕਰ ਕੇ ਅੰਮ੍ਰਿਤਸਰ ਫ਼ਤਾਹਪੁਰ ਜੇਲ੍ਹ ਭੇਜ ਦਿੱਤਾ ਸੀ ਤੇ ਜੇਲ੍ਹ ਵਿੱਚਉਸ ਦੀ ਮੁਲਾਕਾਤ ਹਥਿਆਰਾਂ ਦੀ ਖੇਪ ਲਈ ਇਕ ਹੋਰ ਕੇਸ ਵਿੱਚ ਬੰਦ ਮਾਨ ਸਿੰਘ ਨਾਲ ਹੋਈ ਸੀ।ਖ਼ਾਲਿਸਤਾਨੀ ਕਾਰਵਾਈਆਂ ਵਿੱਚ ਸ਼ਾਮਲ ਮਾਨ ਸਿੰਘ ਤੇ ਗੁਰਦੇਵ ਸਿੰਘ ਵਿੱਚ ਦੋਸਤੀ ਹੋ ਗਈ। ਜੇਲ੍ਹ ਵਿੱਚ ਮਾਨ ਸਿੰਘ ਆਪਣੇ ਸਾਥੀਆਂ ਨਾਲ ਫੋਨ ਉੱਤੇ ਗੱਲ ਕਰਦਾ ਰਹਿੰਦਾ ਸੀ। ਇਕ ਦਿਨ ਉਸਦੇ ਫੋਨ ਤੋਂ ਗੁਰਦੇਵ ਸਿੰਘ ਨੇ ਜਰਮਨੀ ਵਿੱਚ ਆਪਣੇ ਭਰਾ ਗੁਰਮੀਤ ਸਿੰਘ ਉਰਫ਼ ਬੱਗਾ ਨਾਲ ਗੱਲ ਕਰਾਈ। ਜਰਮਨ ਹੈਂਡਲਰ ਬੱਗਾ ਪਾਕਿਸਤਾਨ ਵਿੱਚ ਬੈਠੇ ਰਣਜੀਤ ਸਿੰਘ ਉਰਫ਼ ਨੀਟਾ ਦੇ ਨੇੜੇ ਸੀ। ਅਕਾਸ਼ਦੀਪ ਸਿੰਘ ਉਰਫ਼ ਅਕਾਸ਼ ਕੁੱਟਮਾਰ ਦੇ ਕੇਸ ਵਿੱਚ ਮਾਨ ਸਿੰਘ ਨੂੰ ਮਿਲ ਚੁੱਕਾ ਸੀ ਅਤੇ ਪਾਕਿਸਤਾਨ ਤੋਂ ਹਥਿਆਰ ਲਿਆਉਣ ਦੀ ਵਿਉਂਤ ਬਣਾਈ ਹੋਈ ਸੀ।ਪੁਲਿਸ ਦੀ ਖ਼ੁਫ਼ੀਆ ਬ੍ਰਾਂਚ ਵੱਲੋਂ ਫੜੇ ਅਕਾਸ਼ਦੀਪ ਸਿੰਘ, ਬਲਵੰਤ ਸਿੰਘ ਉਰਫ਼ ਬਾਬਾ ਉਰਫ਼ ਨਿਹੰਗ, ਹਰਭਜਨ ਸਿੰਘ, ਬਲਵੀਰ ਸਿੰਘ ਤੇ ਗੁਰ-ਦੇਵ ਸਿੰਘ ਤੋਂ ਪੁੱਛਗਿੱਛ ਵਿੱਚ ਪਤਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦੇ ਜੰਮੂ ਕਸ਼ਮੀਰ ਵਿੱਚ ਫੜੇ ਤਿੰਨ ਜਣਿਆਂ ਨਾਲ ਸਬੰਧ ਹਨ ਜਾਂ ਨਹੀਂ। ਟੀਮ ਦੇ ਇਕ ਅਧਿਕਾਰੀ ਨੇ ਕਿਹਾ ਕਿ ਪਤਾ ਕੀਤਾ ਜਾ ਰਿਹਾ ਹੈ ਕਿ ਪਿਛਲੇ ਸਮੇਂ ਰਾਜਾਸਾਂਸੀ ਇਲਾਕੇ ਵਿੱਚ ਮਿਲੇ ਦੋ ਗਰਨੇਡ, ਤਰਨਤਾਰਨ ਬੰਬ ਧਮਾਕਾ ਤੇ ਨਿਰੰਕਾਰੀ ਭਵਨ ਉੱਤੇ ਗਰਨੇਡ ਹਮਲੇ ਵਿੱਚ ਛੇ ਮੁਲਜ਼ਮਾਂ ਦੇ ਤਾਰ ਆਪਸ ਵਿੱਚ ਤਾਂ ਨਹੀਂ ਜੁੜੇ ਹੋਏ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



**Paramjit Deol** Broker
**CELL: 416-993-7378**
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**MISSISSAUGA $975**

**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000**
Photo Not Available
**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**

**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**

**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000**

**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**
Photo Not Available
**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**
Photo Not Available
**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**

**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900**

**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000**
Photo Not Available
**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000**
Photo Not Available
**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**

**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**

**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**

**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**

**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000**

**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# 'ਇੱਕ ਸ਼ਾਮ, ਮਨੁੱਖਤਾ ਦੇ ਨਾਮ' ਸਮਾਗਮ ਨੂੰ ਮਿਲਿਆ ਭਰਵਾਂ ਹੁੰਗਾਰਾ



ਮਿਸੀਸਾਗਾ:- (ਕੁਲਵਿੰਦਰ ਖਹਿਰਾ) ਕਈ ਚੈਰਿਟੀ ਸੰਸਥਾਵਾਂ ਨਾਲ਼ ਮਿਲ਼ ਕੇ ਕਈ ਸਾਲਾਂ ਤੋਂ ਪੰਜਾਬ ਵਿੱਚ ਲੋਕ-ਭਲਾਈ ਦੇ ਕੰਮ ਕਰਦੀ ਆ ਰਹੀ 'ਸਹਾਇਤਾ' ਸੰਸਥਾ ਵੱਲੋਂ ਪਿਛਲੇ ਐਤਵਾਰ 'ਨੌਰਥ ਅਮੈਰਿਕਨ ਸਿੱਖ ਲੀਗ' ਨਾਲ਼ ਮਿਲ਼ ਕੇ ਟਰਾਂਟੋ ਨਾਲ਼ ਲੱਗਦੇ ਮਿਸੀਸਾਗਾ ਸ਼ਹਿਰ ਵਿੱਚ ਫ਼ੰਡਰੇਜ਼ਿੰਗ ਸਮਾਗਮ ਕੀਤਾ ਗਿਆ ਜਿਸ ਵਿੱਚ ਸੰਸਥਾ ਦੇ ਨੁਮਾਇੰਦਿਆਂ ਵੱਲੋਂ ਇਸ ਸੰਸਥਾ ਦੀ ਪਿਛਲੇ ਸਾਲਾਂ ਦੀ ਕਾਰਗੁਜ਼ਾਰੀ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ। ਇੰਡੀਆ ਤੋਂ ਵੀਡੀਓ ਸੰਦੇਸ਼ ਰਾਹੀਂ ਅੱਖਾਂ ਦੇ ਮਾਹਰ ਡਾਕਟਰ ਰਾਜਿੰਦਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਸਹਾਇਤਾ' ਸੰਸਥਾ ਵੱਲੋਂ ਇਕੱਠੇ ਕੀਤੇ ਜਾ ਰਹੇ ਫ਼ੰਡਾਂ ਨਾਲ਼ ਨਾ ਸਿਰਫ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿੱਚ ਅੱਖਾਂ ਦੇ ਮੁਫ਼ਤ ਇਲਾਜ਼ ਦੇ ਕੈਂਪ ਹੀ ਲਾਏ ਜਾ ਰਹੇ ਨੇ ਸਗੋਂ ਇਸ ਫ਼ੰਡ ਨਾਲ਼ ਦੋ ਹੈਲਥ ਸੈਂਟਰ ਅਤੇ ਦੋ ਅੱਖਾਂ ਦੇ ਹਸਪਤਾਲ਼ ਵੀ ਚਲਾਏ ਜਾ ਰਹੇ ਨੇ ਜਿਨ੍ਹਾਂ ਵਿੱਚ ਲੋੜਵੰਦਾਂ ਦਾ ਮੁਫ਼ਤ ਇਲਾਜ਼ ਹੁੰਦਾ ਹੈ। ਇਸਤੋਂ ਇਲਾਵਾ ਡੇਢ ਸੌ ਤੋਂ ਵੱਧ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਬੱਚਿਆਂ ਅਤੇ ਪਰਿਵਾਰਾਂ ਦੀ ਵੀ ਮਦਦ ਕੀਤੀ ਜਾ ਰਹੀ ਹੈ ਅਤੇ ਹੁਣ ਹੜ੍ਹ ਦੀ ਮਾਰ ਹੇਠ ਆਏ ਸਭ ਤੋਂ ਵੱਧ ਪੀੜਤ ਅਤੇ ਲੋੜਵੰਦ ਪਰਿਵਾਰਾਂ ਤੱਕ ਵੀ ਪਹੁੰਚ ਕੀਤੀ ਜਾ ਰਹੀ ਹੈ। 'ਸਹਾਇਤਾ' ਦੇ ਸਹਿਯੋਗ ਨਾਲ਼ ਚਲਾਏ ਜਾ ਰਹੇ 'ਬਾਲ-ਘਰ' ਬਾਰੇ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਉਨ੍ਹਾਂ ਅਪਾਹਜ ਅਤੇ ਲਾਵਾਰਸ ਬੱਚਿਆਂ ਨੂੰ ਸਾਂਭਿਆ ਜਾਂਦਾ ਹੈ ਜਿਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਸਾਂਭਣ ਤੋਂ ਅਸਮਰੱਥ ਹੋ ਕੇ ਬਾਹਰ ਛੱਡ ਜਾਂਦੇ ਨੇ।

ਹੋਰ ਜਾਣਕਾਰੀ ਦਿੰਦਿਆਂ 'ਸਹਾਇਤਾ' ਦੇ ਵਲੰਟੀਅਰ ਪਰਵਾਜ਼ ਵਿਰਕ ਨੇ ਦੱਸਿਆ ਕਿ ਸੰਸਥਾ ਦਾ ਸਾਰਾ ਕਾਰਜ ਵਲੰਟੀਅਰਾਂ ਦੇ ਸਿਰ 'ਤੇ ਚੱਲਦਾ ਹੈ ਅਤੇ ਇਕੱਠਾ ਹੋਇਆ ਪੈਸਾ ਪੂਰੇ ਦਾ ਪੂਰਾ ਲੋੜਵੰਦਾਂ ਤੱਕ ਪਹੁੰਚਦਾ ਹੈ। ਉਨ੍ਹਾਂ ਕਿਹਾ ਕਿ ਬਹੁਤੀ ਵਾਰ ਸਹਾਇਤਾ ਲੋੜਵੰਦਾਂ ਅਤੇ ਦਾਨੀਆਂ ਵਿਚਕਾਰ ਕੜੀ ਦਾ ਕੰਮ ਕਰਕੇ ਉਨ੍ਹਾਂ ਦਾ ਆਪਸ ਵਿੱਚ ਸਿੱਧਾ ਸੰਪਰਕ ਕਰਵਾ ਦਿੰਦੀ ਹੈ ਜਿਸ ਨਾਲ਼ ਪਾਰਦਸ਼ਤਾ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਅਮਰੀਕਾ ਤੋਂ ਡਾ. ਹਰਕੇਸ਼ ਸੰਧੂ, ਜੋ 'ਸਹਾਇਤਾ' ਸੰਸਥਾ ਦੀ ਰੀੜ੍ਹ ਦੀ ਹੱਡੀ ਹਨ, ਨੇ ਵਿਸਥਾਰ ਵਿੱਚ ਦੱਸਿਆ ਕਿ ਕਿਸ ਤਰ੍ਹਾਂ ਫ਼ੀਲਡ ਵਿੱਚ ਜਾ ਕੇ ਅਪਾਹਜ਼ਾਂ, ਯਤੀਮਾਂ, ਅਤੇ ਲੋੜਵੰਦਾਂ ਦੀ ਮਦਦ ਕੀਤੀ ਜਾਂਦੀ ਹੈ। ਉਨ੍ਹਾਂ 'ਮਾਈ ਭਾਗੋ ਗਰਲਜ਼ ਇੰਸਟੀਚਿਊਟ' ਬਾਰੇ ਵੀ ਜਾਣਕਾਰੀ ਦਿੱਤੀ ਜਿੱਥੇ ਲੋੜਵੰਦ ਬੱਚੀਆਂ ਨੂੰ ਪੋਸਟ ਗਰੈਜੂਏਸ਼ਨ ਤੱਕ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬੱਚੀਆਂ ਵਿੱਚ ਸਿਰਫ ਸਿੱਖ ਜਾਂ ਪੰਜਾਬੀ ਬੱਚੀਆਂ ਹੀ ਨਹੀਂ ਸਗੋਂ ਦੂਸਰੇ ਸੂਬਿਆਂ ਦੀਆਂ ਬੱਚੀਆਂ ਵੀ ਸ਼ਾਮਲ ਨੇ ਜਿਨ੍ਹਾਂ ਵਿੱਚੋਂ ਕੁਝ ਬੰਬੇ ਤੱਕ ਪਹੁੰਚ ਗਈਆਂ ਨੇ ਤੇ ਅੱਜ ਵੀ ਆਪਣੇ ਆਪ ਨੂੰ 'ਸਹਾਇਤਾ ਸੰਸਥਾ ਦੀਆਂ ਧੀਆਂ' ਦੱਸ ਕੇ ਆਪਣੀ ਪਛਾਣ ਕਰਵਾਉਂਦੀਆਂ ਨੇ। ਇਸਤੋਂ ਇਲਾਵਾ ਹੋਰ ਬਹੁਤ ਸਾਰੀਆਂ ਬੱਚੀਆਂ ਬਾਰੇ ਜਾਣਕਾਰੀ ਦਿੱਤੀ ਗਈ ਜੋ ਇਸ ਸੰਸਥਾ ਦੀ ਮਦਦ ਸਦਕਾ ਪੜ੍ਹ ਲਿਖ ਕੇ ਅੱਜ ਨਾ ਸਿਰਫ ਵਧੀਆ ਜੀਵਨ ਗੁਜ਼ਾਰ ਰਹੀਆਂ ਨੇ ਸਗੋਂ ਸੰਸਥਾ ਦੀ ਮਦਦ ਵੀ ਕਰ ਰਹੀਆਂ ਨੇ।

ਸੰਸਥਾ ਵੱਲੋਂ ਟਰਾਂਟੋ ਅਤੇ ਆਸ-ਪਾਸ ਦੇ ਸ਼ਹਿਰਾਂ ਦੇ ਚਾਰ ਵਿਅਕਤੀਆਂ ਨੂੰ ਸਨਮਾਨਤ ਵੀ ਕੀਤਾ ਗਿਆ ਜੋ ਆਪੋ-ਆਪਣੇ ਪਿੰਡਾਂ ਵਿੱਚ ਸਮਾਜ-ਭਲਾਈ ਦਾ ਕੰਮ ਚਲਾ ਰਹੇ ਨੇ। ਇਨ੍ਹਾਂ ਵਿੱਚ ਵਕੀਲ ਹਰਮਿੰਦਰ ਢਿੱਲੋਂ, ਸਿੰਮੀ ਵਿਰਕ, ਪ੍ਰਭ ਕੈਂਥ, ਅਤੇ ਸੁੱਚਾ ਸਿੰਘ ਮਾਂਗਟ ਦੇ ਨਾਂ ਸ਼ਾਮਲ ਸਨ। ਇਹ ਸਮਾਗਮ ਕਰਮਜੀਤ ਗਿੱਲ ਅਤੇ ਸੈਂਡੀ ਗਰੇਵਾਲ਼ ਦੀ ਅਣਥੱਕ ਮਿਹਨਤ ਨਾਲ਼ ਉਲੀਕਿਆ ਅਤੇ ਬੜੇ ਹੀ ਸੁਚੱਜੇ ਢੰਗ ਨਾਲ਼ ਨੇਪਰੇ ਚਾੜ੍ਹਿਆ ਗਿਆ ਜਿਸ ਵਿੱਚ ਟਰਾਂਟੋ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਅਤੇ ਨਾਮਵਰ ਹਸਤੀਆਂ ਨੇ ਸ਼ਮੂਲੀਅਤ ਕੀਤੀ। ਸਟੇਜ ਦੀ ਸੰਚਾਲਨਾ ਕਰਦਿਆਂ ਕਰਮਜੀਤ ਗਿੱਲ ਵੱਲੋਂ ਸਮੁੱਚੇ ਮੀਡੀਏ ਦਾ ਵਾਰ ਵਾਰ ਧੰਨਵਾਦ ਕੀਤਾ ਗਿਆ ਜਿਸ ਦੇ ਸਹਿਯੋਗ ਨਾਲ਼ ਇਹ ਸਮਾਗਮ ਸਫ਼ਲ ਹੋ ਸਕਿਆ।

# ਪੰਜਾਬ ਦੇ ਹੜ੍ਹ ਪੀੜਤਾਂ ਲਈ ਇਕੱਤਰ ਕੀਤਾ ਇੱਕ ਲੱਖ ਡਾਲਰ ਤਿੰਨ ਸਮਾਜ ਸੇਵੀ ਸੰਸਥਾਵਾਂ ਨੂੰ ਸੌਂਪਿਆ







ਮਾਲਟਨ (ਜਸਬੀਰ ਸਿੰਘ ਬੋਪਾਰਾਏ) ਬੀਤੇ ਐਤਵਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਕੈਨੇਡਾ ਵੱਲੋਂ ਮੀਡੀਏ ਨਾਲ ਰਲ ਕੇ ਨਗਰ ਕੀਰਤਨ ਦੌਰਾਨ ਇਕੱਤਰ ਕੀਤੀ ਇੱਕ ਲੱਖ ਡਾਲਰ ਦੀ ਮਾਇਆ ਨੂੰ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਮੀਡੀਏ ਦੀ ਹਾਜਰੀ ਵਿਚ ਤਿੰਨ ਸਮਾਜ ਸੇਵੀ ਸੰਸਥਾਵਾਂ, ਖਾਲਸਾ ਏਡ, ਯੂਨਾਈਟਿਡ ਸਿੱਖਸ ਅਤੇ ਸਿੱਖ ਅਵੇਅਰਨੈਸ ਫ਼ਾਊਂਡੇਸ਼ਨ ਨੂੰ ਭੇਂਟ ਕੀਤੀ ਗਈ ਇਹ ਤਿੰਨੋ ਸੰਸਥਾਵਾਂ ਇਸ ਸਮੇਂ ਪੰਜਾਬ ਵਿਚ ਹੜ੍ਹਾਂ ਨਾਲ ਪੀੜਤ ਪਰਿਵਾਰਾਂ ਦੀ ਤਨ ਮਨ ਤੇ ਧੰਨ ਨਾਲ ਸੇਵਾ ਕਰ ਰਹੀਆਂ ਹਨ। ਇਸ ਸਮੇਂ ਮਾਲਟਨ ਗੁਰਦਵਾਰਾ ਸਾਹਿਬ ਵਲੋਂ ਦਲਜੀਤ ਸਿੰਘ ਸੇਖੋਂ(ਪ੍ਰਧਾਨ), ਜਗਤਰਨ ਸਿੰਘ ਸੇਖੋਂ, ਜਸਬੀਰ ਸਿੰਘ ਬੋਪਾਰ-ਾਏ, ਹਰਪ੍ਰੀਤ ਸਿੰਘ ਵਿਛੋਆ, ਬਲਵੰਤ ਸਿੰਘ ਸੋਹੀ, ਮਨਜੀਤ ਸਿੰਘ ਗਰੇਵਾਲ, ਲਖਬੀਰ ਸਿੰਘ ਦਿਉਲਸ਼ਾਮਲ ਸਨ ਅਤੇ ਮੀਡੀਏ ਵਲੋਂ ਸੁਖਦੇਵ ਸਿੰਘ (ਅੱਜ ਦੀ ਆਵਾਜ਼), ਅਮਰਜੀਤ ਸਿੰਘ ਰਾਏ (ਏਕਮ ਮੀਡੀਆ ਗਰੁੱਪ) ਅਤੇ ਸੱਤਪਾਲ ਜੌਹਲ (ਸੁਰ-ਸਾਗਰ ਰੇਡੀਉ ਅਤੇ ਟੀ. ਵੀ) ਪਹੁੰਚੇ ਹੋਏ ਸਨ। ਇਸ ਤੋਂ ਇਲਾਵਾ ਇਸ ਮੀਟਿੰਗ ਵਿਚ ਯੂਨਾਈਟਿਡ ਸਿੱਖਸ, ਖ਼ਾਲਸਾ ਏਡ ਅਤੇ ਸਿੱਖ ਅਵੇਅਰਨੈਸ ਫ਼ਾਊਂਡੇਸ਼ਨ ਦੇ ਸੇਵਾਦਾਰ ਮੌਜੂਦ ਸਨ। ਪ੍ਰਧਾਨ ਦਲਜੀਤ ਸਿੰਘ ਸੇਖੋਂ ਨੇ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਗਤਾਂ ਦਾ ਅਤੇ ਸਹਿਯੋਗ ਦੇਣ ਵਾਲੇ ਪੰਜਾਬੀ ਮੀਡੀਏ ਦਾ ਧੰਨਵਾਦ ਕੀਤਾ, ਸ੍ਰ: ਸੇਖੋਂ ਨੇ ਕਿਹਾ ਕਿ ਇਹ ਸੇਵਾ ਦੀ ਰਾਸ਼ੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਵਿਚ ਮੀਡੀਏ ਨਾਲ ਰਲ ਕੇ ਪੰਜਾਬ ਦੇ ਹੜ੍ਹ ਪੀੜਤਾਂ ਲਈ ਇਕੱਠੀ ਕੀਤੀ ਗਈ ਸੀ ਨੂੰ ਸਭ ਦੀ ਸਲਾਹ ਨਾਲ ਪੰਜਾਬ ਵਿੱਚ ਕੰਮ ਕਰ ਰਹੀਆਂ ਤਿੰਨ ਮੁੱਖ ਸੰਸਥਾਵਾਂ ਨੂੰ ਸੌਂਪ ਉਹ ਖੁਸ਼ੀ ਮਹਿਸੂਸ ਕਰ ਰਹੇ ਹਨ ਅਤੇ ਸਤਿਗੁਰਾਂ ਦੇ ਚਰਨਾਂ ਵਿੱਚ ਪੰਜਾਬ ਦੀ ਖੁਸ਼ਹਾਲੀ ਲਈ ਅਰਦਾਸ ਕਰਦੇ ਹਨ।

## ਸ਼ੋਕ ਸਮਾਚਾਰ

### ਲਖਬੀਰ ਸਿੰਘ ਦਿਓਲ ਸਵਰਗਵਾਸ



ਲਖਬੀਰ ਸਿੰਘ ਦਿਓਲ ਬੀਤੀ 21 ਤਰੀਖ ਦਿਨ ਸ਼ਨਿਚਰਵਾਰ ਨੂੰ ਸ਼ਾਮ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ ਹਨ। ਲਖਬੀਰ ਸਿੰਘ ਦਿਓਲ ਪਿੰਡ ਗੁਰਮ ਨੇੜੇ ਲੁਧਿਆਣਾ ਤੋਂ 1974 ਵਿਚ ਕੈਨੇਡਾ ਆਏ ਸਨ ਤੇ ਉਦੋਂ ਤੋਂ ਹੀ ਲਗਾਤਾਰ ਕਮਿਉਨਿਟੀ ਵਿਚ ਬੜੀ ਹੀ ਸਰਗਰਮੀ ਨਾਲ ਵਿਚਰੇ ਸਨ।ਪਹਿਲਾਂ ਉਨ੍ਹਾਂ ਵਲੋਂ ਵੈਸਟਰਨ ਕਲੱਬ ਬਣਾਈ ਗਈ, ਜਿਹੜੀ ਕਿ ਸੌਕਰ ਦੀ ਕਲੱਬ ਸੀ ਤੇ ਇਸ ਕਲੱਬ ਵਿਚ 1974 ਤੋਂ ਲੈ ਕੇ 1986 ਤੱਕ ਲਗਾਤਾਰ ਗੋਲੀ ਦੇ ਤੌਰ 'ਤੇ ਖੇਡਦੇ ਰਹੇ ਤੇ ਫੇਰ 1986 ਤੋਂ ਮੈਟਰੋ ਸਪੋਰਟਸ ਕਲੱਬ ਨਾਲ ਜੁੜੇ ਰਹੇ। ਲਖਬੀਰ ਸਿੰਘ ਦਿਓਲ ਦੇ ਇਸ ਤਰ੍ਹਾਂ ਚਲੇ ਜਾਣ ਨਾਲ ਮੈਟਰੋ ਪੰਜਾਬੀ ਸਪੋਰਟਸ ਕਲੱਬ ਅਤੇ ਹੋਰ ਸਪੋਰਟਸ ਕਲੱਬਾਂ ਤੇ ਫੈਡਰੇਸ਼ਨਾਂ ਵਿਚ ਸੋਗ ਦੀ ਲਹਿਰ ਹੈ।ਲਖਬੀਰ ਸਿੰਘ ਦਿਓਲ ਦਾ ਅੰਤਮ ਸਸਕਾਰ ਬਰੈਂਪਟਨ ਕ੍ਰੇਮੇਟੋਰੀਅਮ ਸੈਂਟਰ ਵਿਖੇ ਮਿਤੀ 26 ਸਤੰਬਰ, ਦਿਨ ਵੀਰਵਾਰ ਨੂੰ ਦੁਪਿਹਰ 2:30 ਵਜੇ ਤੋਂ 4:30 ਵਜੇ ਤੱਕ ਕੀਤਾ ਜਾਵੇਗਾ ਤੇ ਇਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ ਅਤੇ ਅੰਤਮ ਅਰਦਾਸ ਡਿਕਸੀ ਰੋਡ 'ਤੇ ਸਥਿਤ ਗੁਰਦੁਆਰਾ ਓਂਟਾਰੀਓ ਖਾਲਸਾ ਦਰਬਾਰ, ਹਾਲ ਨੰਬਰ 2 ਵਿਖੇ ਸ਼ਾਮ 5:30 ਵਜੇ ਤੋਂ ਲੈ ਕੇ 7 ਵਜੇ ਤੱਕ ਕੀਤੀ ਜਾਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਗੁਰਦੀਪ ਸਿੰਘ ਢਿੱਲੋਂ ਨਾਲ 416 258 0422 ਜਾਂ ਫੇਰ ਹਰਮਨਦੀਪ ਸਿੰਘ ਦਿਓਲ ਨਾਲ 6476693805 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### 'ਸਾਂਝ ਸਵੇਰਾ' ਦੇ ਬਾਨੀ ਗੁਰਮੇਲ ਸਿੰਘ ਬਰਾੜ ਨਹੀਂ ਰਹੇ



1974 'ਚ ਕੈਨੇਡਾ ਆਏ ਅਤੇ 1977 'ਚ ਪੰਜਾਬੀ ਦਾ ਪਹਿਲਾ ਪਰਚਾ 'ਸਾਂਝ ਸਵੇਰਾ' ਕੱਢਣ ਵਾਲੇ ਸ. ਗੁਰਮੇਲ ਸਿੰਘ ਬਰਾੜ ਇਸ ਫਾਨੀ ਸੰਸਾਰ ਨੂੰ ਸਦਾ ਅਲਵਿਦਾ ਕਹਿ ਗਏ ਹਨ। ਉਨ੍ਹਾ ਦੇ ਅੰਤਿਮ ਸਸਕਾਰ 28 ਸਤੰਬਰ ਨੂੰ 30 Barmwin Court, Brampton, Ontario, L6T 5G2 ਵਿਖੇ 11 ਵਜੇ ਤੋਂ ਲੈਕੇ ਹੋਣਗੇ ਅਤੇ ਫਿਰ 2 ਵਜੇ ਤੋਂ 4 ਵਜੇ ਤੱਕ ਓਂਟਾਰੀਓ ਖਾਲਸਾ ਦਰਬਾਰ ਉਨ੍ਹਾਂ ਨਮਿਤ ਰੱਖੇ ਪਾਠ ਦੇ ਭੋਗ ਪਾਏ ਜਾਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹਰਵਿੰਦਰ ਸਿੰਘ ਬਰਾੜ ਨਾਲ 647 323 1876 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਬਰਾੜ ਗਰਾਜ ਡੋਰ





ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

TransExpert NOW HIRING! Skylark Logistics Inc.

Highway US Drivers & Owner Operators Wanted

- 2 year experience must
- Drivers paid 60C per mile.
- Midwest runs
- Direct deposit payments .
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.



Also Flatbed owner operators are needed.
Regular flatbed freight.

*Yards located in Milton ON and Puslinch both on Highway 401
Contact 6474064420 or 6479220000
if busy send txt message.

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਜਲਵਾਯੂ ਬਦਲਾਅ ਅਤੇ ਕੈਨੇਡੀਅਨ ਸਿਆਸੀ ਪਾਰਟੀਆਂ ਦੀ ਪਹੁੰਚ

...ਪੰਨਾ 1 ਦਾ ਬਾਕੀ

ਦੋ ਤਿਹਾਈ ਕੈਨੇਡੀਅਨ ਪਬਲਿਕ ਲਈ ਕਲਾਈਮੇਟ ਵਿਚਾਰਿਆ ਜਾਣ ਵਾਲਾ ਸੱਭ ਤੋਂ ਅਹਿਮ ਮੁੱਦਾ ਹ ਅਤੇ ਵੋਟਾਂ ਵਟੋਰਨ ਲਈ ਘਰੋਂ ਨਿਲਕਣ ਵਾਲੀਆਂ ਸਿਆਸੀ ਪਾਰਟੀਆਂ ਅੱਜ ਕੱਲ ਇਸ ਮੁੱਦੇ ਉੱਤੇ ਗੱਲ ਕਰਨੀ ਨਹੀਂ ਭੁੱਲਦੀਆਂ। ਵੇਖਣਾ ਇਹ ਬਣਦਾ ਹੈ ਕਿ ਆਖਰ ਨੂੰ ਪਾਰਟੀਆਂ ਇਸ ਮੁੱਦੇ ਉੱਤੇ ਪਹੁੰਚ ਕੀ ਰੱਖਦੀਆਂ ਹਨ।

ਕਲਾਈਮੇਟ ਤਬਦੀਲੀ ਨੂੰ ਰੋਕਣ ਲਈ ਲਿਬਰਲ ਪਾਰਟੀ ਲਈ ਕਾਰਬਨ ਟੈਕਸ ਲਾਉਣਾ ਇੱਕ ਕੇਂਦਰੀ ਸਿਧਾਂਤ ਹੈ ਜਿਸ ਨੂੰ ਲੈ ਕੇ ਫੈਡਰਲ ਅਤੇ ਪ੍ਰੋਵਿੰਸ਼ੀਅਲ ਕੰਜ਼ਰਵੇਟਿਵ ਵਿਰੋਧ ਵਿੱਚ ਖੜੇ ਹਨ। ਲਿਬਰਲ ਸਰਕਾਰ ਨੇ ਪਿਛਲੇ ਸਾਲ 20 ਡਾਲਰ ਪ੍ਰਤੀ ਟਨ ਕਾਰਬਨ ਟੈਕਸ ਲਾਗੂ ਕੀਤਾ ਜੋ ਤਕਰੀਬਨ 4 ਸੈਂਟ ਪ੍ਰਤੀ ਲੀਟਰ ਗੈਸ ਬਣਦਾ ਹੈ। 2022 ਤੱਕ ਇਹ ਟੈਕਸ 50 ਡਾਲਰ ਪ੍ਰਤੀ ਟਨ ਹੋ ਜਾਵੇਗਾ। ਲਿਬਰਲ ਪਾਰਟੀ ਦਾ ਆਖਣਾ ਹੈ ਕਿ ਜੇ ਉਹ ਚੋਣ ਜਿੱਤ ਜਾਂਦੇ ਹਨ ਤਾਂ ਸਰਕਾਰ ਪ੍ਰੋਵਿੰਸਾਂ ਅਤੇ ਟੈਰੀਟੋਰੀਆਂ ਨਾਲ ਗੱਲਬਾਤ ਕਰਕੇ ਤੈਅ ਕਰੇਗੀ ਕਿ 2022 ਤੋਂ ਬਾਅਦ ਕਾਰਬਨ ਟੈਕਸ ਦੀ ਰੂਪ ਰੇਖਾ ਕਿਹੋ ਜਿਹੀ ਹੋਵੇਗੀ। 24 ਸਤੰਬਰ ਨੂੰ ਜਸਟਿਨ ਟਰੂਡੋ ਨੇ ਇਹ ਵੀ ਐਲਾਨ ਕੀਤਾ ਕਿ 2050 ਤੱਕ ਕੈਨੇਡਾ ਜ਼ੀਰੋ ਨੈੱਟ ਕਾਰਬਨ ਈਮਿਸ਼ਨ ਕਰਨ ਵਾਲਾ ਮੁਲਕ ਬਣਾ ਦਿੱਤਾ ਜਾਵੇਗਾ। ਇਹ ਕਿਵੇਂ ਕੀਤਾ ਜਾਵੇਗਾ, ਇਸ ਬਾਰੇ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

ਕੰਜ਼ਰਵੇਟਿਵ ਲੀਡਰ ਐਂਡਰੀਊ ਸ਼ੀਅਰ ਨੂੰ ਲਿਬਰਲਾਂ ਦਾ ਕਾਰਬਨ ਟੈਕਸ ਵਿਹੁ ਵਰਗਾ ਲੱਗਦਾ ਹੈ ਅਤੇ ਉਸਨੇ ਪ੍ਰਣ ਕੀਤਾ ਹੈ ਕਿ ਸਰਕਾਰ ਬਣਨ ਦੀ ਸੂਰਤ ਵਿੱਚ ਉਹ ਕਾਰਬਨ ਟੈਕਸ ਦਾ ਬੋਰੀਆ ਬਿਸਤਰ ਗੋਲ ਕਰ ਦੇਵੇਗਾ। ਕੰਜ਼ਰਵੇਟਿਵ ਪਾਰਟੀ ਗਰੀਨ ਹਾਊ ਈਮਿਸ਼ਨ ਨੂੰ ਘੱਟ ਕਰਨ ਬਾਬਤ ਕੋਈ ਵੀ ਟੀਚਾ ਨਿਰਧਾਰਤ ਕਰਨ ਦੇ ਹੱਕ ਵਿੱਚ ਨਹੀਂ ਹੈ। ਕੰਜ਼ਰਵੇਟਿਵ ਸੋਚ ਹੈ ਕਿ ਜਦੋਂ ਕੰਪਨੀਆਂ ਨੂੰ ਗਰੀਨ ਹਾਉਸੂ ਈਮਿਸ਼ਨ ਘੱਟ ਪੈਦਾ ਕਰਨ ਲਈ ਟੈਕਸ ਰੀਬੇਟ ਦਿੱਤੇ ਜਾਣਗੇ ਤਾਂ ਕਲਾਈਮੇਟ ਤਬਦੀਲੀ ਬਾਰੇ ਨਤੀਜੇ ਹਾਂ ਪੱਖੀ ਨਿਕਲਣੇ ਹੀ ਹਨ। ਇਸ ਮੰਤਵ ਲਈ ਤਕਨਾਲੋਜੀ



ਵਿੱਚ ਨਿਵੇਸ਼ ਕਰਨਾ ਵੀ ਟੋਰੀਆਂ ਦਾ ਟੀਚਾ ਹੈ। ਕੰਜ਼ਰਵੇਟਿਵ ਮਕਾਨ ਮਾਲਕਾਂ ਨੂੰ ਦੋ ਸਾਲਾਂ ਲਈ 3800 ਡਾਲਰ ਤੱਕ ਦੇ ਟੈਕਸ ਡੀਬੇਟ ਦੇਣ ਦੀ ਵੀ ਗੱਲ ਕਰਦੇ ਹਨ ਤਾਂ ਜੋ ਐਨਰਜੀ ਬਣਾਉਣ ਵਾਲੇ ਯੰਤਰ ਘਰਾਂ ਵਿੱਚ ਫਿੱਟ ਕੀਤੇ ਜਾ ਸਕੱਣ। ਕੰਜ਼ਰਵੇਟਿਵ ਪਾਰਟੀ ਗੈਸ ਅਤੇ ਆਇਲ ਇੰਡਸਟਰੀ ਨੂੰ ਕਲਾਈਮੇਟ ਰਖਵਾਲੀ ਦੇ ਨਾਮ ਥੱਲੇ ਕੋਈ ਨੁਕਸਾਨ ਕਰਨ ਵਿੱਚ ਯਕੀਨ ਨਹੀਂ ਰੱਖਦੀ। ਸੋ ਟੋਰੀਆਂ ਦੀ ਸੋਚ ਇੰਡਸਟਰੀ ਦੇ ਮਾਧਿਅਮ ਕਲਾਈਮੇਟ ਦੀ ਰਖਵਾਲੀ ਕਰਨ ਦੀ ਹੈ।

ਐਨ ਡੀ ਪੀ ਕਲਾਈਮੇਟ ਤਬਦੀਲੀ ਨੂੰ ਲੈ ਕੇ ਇੱਕ ਗੰਭੀਰ ਵਿਚਾਰ ਰੱਖਣ ਵਾਲੀ ਪਾਰਟੀ ਹੈ। ਇਸਦੇ ਪਲੇਟਫਾਰਮ ਮੁਤਾਬਕ ਜੇ ਐਨ ਡੀ ਪੀ ਸਰਕਾਰ ਬਣਦੀ ਹੈ ਤਾਂ ਸਾਲ 2030 ਤੱਕ ਗਰੀਨ ਹਾਊਸ ਈਮਿਸ਼ਨ ਨੂੰ ਘੱਟ ਕਰਕੇ ਉਸ ਪੱਧਰ ਉੱਤੇ ਲੈ ਆਂਦਾ ਜਾਵੇਗਾ ਜੋ ਸਾਲ 2005 ਵਿੱਚ ਹੁੰਦਾ ਸੀ। ਆਪਣੇ ਟੀਚੇ ਉੱਤੇ ਪੁੱਜਣ ਲਈ ਐਨ ਡੀ ਪੀ ਕੋਲ ਸੱਭ ਤੋਂ ਕਾਰਗਰ ਕਦਮ ਲਿਬਰਲ ਕਾਰਬਨ ਟੈਕਸ ਦੀ ਨਕਲ ਕਰਨਾ ਹੀ ਹੈ। ਐਨ ਡੀ ਪੀ ਦਾ ਆਖਣਾ ਹੈ ਕਿ ਸਾਲ 2019 ਤੋਂ 2022 ਤੱਕ ਉਹ ਲਿਬਰਲਾਂ ਵੱਲੋਂ ਲਾਏ ਗਏ ਕਾਰਬਨ ਟੈਕਸ ਨੂੰ ਜਾਰੀ ਰੱਖਣਗੇ। ਵਰਤਮਾਨ ਵਿੱਚ ਜੋ ਟੈਕਸ ਰੀਬੇਟ ਮਕਾਨ ਮਾਲਕਾਂ ਨੂੰ ਮਿਲਦੇ ਹਨ, ਐਨ ਡੀ ਪੀ ਸਰਕਾਰ ਉਸ ਵਿੱਚੋਂ ਧਨੀ ਲੋਕਾਂ (ਜੋ ਮਲਟੀ ਮਿਲੀਅਨੇਅਰ ਹਨ) ਨੂੰ ਮਨਫੀ ਕਰ ਦੇਵੇਗੀ। ਐਨ ਡੀ ਪੀ ਦੀ ਯੋਜਨਾ ਵਿੱਚ 3 ਬਿਲੀਅਨ ਡਾਲਰ ਦੇ ਨਿਵੇਸ਼ ਨਾਲ ਕੈਨੇਡੀਅਨ ਕਲਾਈਮੇਟ ਚੇਂਜ ਬੈਂਕ ਸਥਾਪਿਤ ਕਰਨਾ ਵੀ ਸ਼ਾਮਲ ਹੈ। ਮਾਹਰ ਸੁਆਲ ਕਰਦੇ ਹਨ ਕਿ ਐਨ ਡੀ ਪੀ ਦੀ ਯੋਜਨਾ ਵਿੱਚ ਲਿਬਰਲਾਂ ਨਾਲੋਂ ਕੁੱਝ ਵੱਖਰਾ ਕਿਉਂ ਨਹੀਂ ਹੈ?

ਜਿੱਥੇ ਤੱਕ ਗਰੀਨ ਪਾਰਟੀ ਦਾ ਸੁਆਲ ਹੈ, ਸੁਭਾਵਿਕ ਹੈ ਕਿ ਉਹ ਆਪਣੇ ਨਾਮ ਨੂੰ ਸੱਚਾ ਸਾਬਤ ਕਰਨ ਲਈ ਕਲਾਈਮੇਟ ਤਬਦੀਲੀ ਨੂੰ ਰੋਕਣ ਵਾਸਤੇ ਸਾਰਿਆਂ ਨਾਲੋਂ ਵੱਧ ਉਤਸ਼ਾਹਿਤ ਹੈ। ਪਾਰਟੀ ਲੀਡਰ ਦਾ ਨਾਅਰਾ ਹੈ ਕਿ ਜਿਵੇਂ ਦੂਜੀ ਸੰਸਾਰ ਜੰਗ ਦੌਰਾਨ ਵਿੰਸਟਨ ਚਰਚਿਲ ਨੇ ਫਾਸ਼ੀਵਾਦ ਨੂੰ ਰੋਕਣ ਦਾ ਬੀੜਾ ਚੁੱਕਿਆ ਸੀ, ਉਵੇਂ ਹੀ ਗਰੀਨ ਪਾਰਟੀ ਵਾਤਾਵਰਣ ਦੀ ਰਖਵਾਲੀ ਲਈ ਜੰਗ ਦਾ ਐਲਾਨ ਕਰਦੀ ਹੈ। ਪਰ ਕੀ ਵਾਤਾਵਰਣ ਦੀ ਜੰਗ ਜਿੱਤਣ ਲਈ ਗਰੀਨ ਪਾਰਟੀ ਕੋਲ ਢੁੱਕਵੇਂ ਹਥਿਆਰ ਮੌਜੂਦ ਹਨ, ਇਸ ਬਾਰੇ ਐਲਿਜ਼ਾਬੈੱਥ ਅਤੇ ਉਸਦੀ ਪਾਰਟੀ ਚੁੱਪ ਹੈ। ਜਿੱਥੇ ਐਨ ਡੀ ਪੀ ਗਰੀਨ ਹਾਊਸ ਗੈਸਾਂ ਦੇ ਉਤਪਾਦਨ ਨੂੰ 2005 ਦੇ ਸਤਰ ਉੱਤੇ ਲਿਆਉਣਾ ਚਾਹੁੰਦੀ ਹੈ ਗਰੀਨ ਪਾਰਟੀ ਗਰੀਨ ਹਾਊਸ ਗੈਸ ਈਮਿਸ਼ਨ ਨੂੰ ਉਸਤੋਂ ਵੀ 60% ਹੋਰ ਘੱਟ ਕਰਨ ਦਾ ਟੀਚਾ ਰੱਖਦੀ ਹੈ। ਗਰੀਨ ਪਾਰਟੀ ਵੀ ਕਾਰਬਨ ਟੈਕਸ ਲਾਏ ਜਾਣ ਦੇ ਹੱਕ ਵਿੱਚ ਹੈ ਪਰ ਲਿਬਰਲਾਂ ਦਾ ਕਾਰਬਨ ਟੈਕਸ ਉਸਨੂੰ ਬੱਚਿਆਂ ਦੀ ਖੇਡ ਵਰਗਾ ਜਾਪਦਾ ਹੈ। ਗਰੀਨ ਪਾਰਟੀ ਦਾ ਇਰਾਦਾ ਹੈ ਕਿ ਸਾਲ 2030 ਤੱਕ ਲਿਬਰਲਾਂ ਦੇ ਕਾਰਬਨ ਟੈਕਸ ਵਿੱਚ ਪ੍ਰਤੀ ਟਨ 10 ਡਾਲਰ ਦਾ ਹੋਰ ਵਾਧਾ ਕੀਤਾ ਜਾਵੇਗਾ ਜਿਸ ਬਦੌਲਤ ਉਸ ਸਾਲ ਕਾਰਬਨ ਟੈਕਸ ਦੀ ਦਰ 130 ਡਾਲਰ ਪ੍ਰਤੀ ਟਨ ਹੋ ਜਾਵੇਗੀ।

21 ਅਕਤੂਬਰ 2019 ਨੂੰ ਕਿਹੜੀ ਪਾਰਟੀ ਸਰਕਾਰ ਬਣਾਏਗੀ ਅਤੇ ਸੱਤਾ ਵਿੱਚ ਆਉਣ ਤੋਂ ਬਾਅਦ ਆਪਣੇ ਕਿਸ ਵਾਅਦੇ ਉੱਤੇ ਟਿਕੀ ਰਹੇਗੀ, ਇਸ ਬਾਰੇ ਗੱਲ ਕਰਨਾ ਰੱਬ ਦੇ ਘਰ ਦੀ ਥਾਹ ਲਾਉਣ ਬਰਾਬਰ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.







## ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰਜ਼ ਵੱਲੋਂ ਬਰੈਂਪਟਨ ਦੇ ਉਮੀਦਵਾਰਾਂ ਦੀ ਡੀਬੇਟ ਸੋਮਵਾਰ ਤੋਂ

...ਪੰਨਾ 1 ਦਾ ਬਾਕੀ

ਜਿਸ ਵਿਚ ਸੋਨੀਆ ਸਿੱਧੂ, ਰਮਨ ਬਰਾੜ ਤੇ ਮਨਦੀਪ ਕੌਰ ਭਾਗ ਲੈਣਗੇ। ਇਸ ਤੋਂ ਬਾਅਦ 8 ਵਜੇ ਤੋਂ ਲੈ ਕੇ ਸਾਢੇ 9 ਵਜੇ ਤੱਕ ਬਰੈਪਟਨ ਈਸਟ ਤੋਂ ਮਨਿੰਦਰ ਸਿੱਧੂ, ਕੰਜ਼ਰਵੇਟਿਵ ਤੋਂ ਰਮੋਨਾ ਸਿੰਘ, ਐਨਡੀਪੀ ਤੋਂ ਸ਼ਰਨਜੀਤ ਸਿੰਘ ਭਾਗ ਲੈਣਗੇ। ਇਸ ਡੀਬੇਟ ਦਾ ਸਥਾਨ ਪੰਜ ਆਬ ਦਾ ਸਟੂਡੀਓ ਹੋਵੇਗਾ। ਜਿਸ ਦਾ ਸਿੱਧਾ ਪ੍ਰਸਾਰਣ ਬਾਕੀ ਟੀਵੀ ਪ੍ਰੋਗਰਾਮਾਂ 'ਤੇ ਵੀ ਕੀਤਾ ਜਾਵੇਗਾ। 2 ਅਕਤੂਬਰ ਨੂੰ ਫੇਰ 770 ਏਐਮ ਦੇ ਸਟੂਡੀਓ ਵਿਖੇ 1:15 ਤੋਂ 2:45 ਤੱਕ ਡੀਬੇਟ ਰੱਖੀ ਗਈ ਹੈ। ਜਿਸ ਵਿਚ ਲਿਬਰਲ ਦੇ ਰਮੇਸ਼ਵਰ ਸੰਘਾ, ਕੰਜ਼ਰਵੇਟਿਵ ਦੇ ਪਵਨਜੀਤ ਗੋਸਲ, ਐਨਡੀਪੀ ਤੋਂ ਜੌਰਡਨ ਬੌਸਵੈਲ ਤੇ ਪੀਪੀਸੀ ਵਲੋਂ ਬਲਜੀਤ ਬਾਵਾ ਭਾਗ ਲੈਣਗੇ। ਇਸ ਡੀਬੇਟ ਨੂੰ ਵੀ ਜਿਥੇ ਤੁਸੀਂ 770 ਏਐਮ 'ਤੇ ਸੁਣ ਸਕਦੇ ਹੋ, ਉਥੇ ਨਾਲ ਹੀ ਵੱਖ ਵੱਖ ਟੀਵੀ ਪ੍ਰੋਗਰਾਮਾਂ ਉਪਰ ਇਨ੍ਹਾਂ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ।

## ਬਾਇਡਨ ਖਿਲਾਫ ਜਾਂਚ ਲਈ ਟਰੰਪ ਨੇ ਯੂਕਰੇਨ ਦੇ ਰਾਸ਼ਟਰਪਤੀ 'ਤੇ ਵਾਰੀ ਵਾਰੀ ਪਾਇਆ ਸੀ ਦਬਾਅ

...ਪੰਨਾ 1 ਦਾ ਬਾਕੀ

ਗਿਲਾਨੀ ਤੇ ਬਾਰ ਦੇ ਇੱਕ ਦੂਜੇ ਦੇ ਸੰਪਰਕ ਵਿੱਚ ਰਹਿਣ ਦੇ ਬਿਆਨ ਤੋਂ ਬਾਅਦ ਟਰੰਪ ਨੇ ਯੂਕਰੇਨ ਦੇ ਅਰਥਚਾਰੇ ਦਾ ਹਵਾਲਾ ਦਿੰਦਿਆਂ ਆਖਿਆ ਕਿ ਉਹ ਇਹ ਪੇਸ਼ੀਨਿਗੋਈ ਕਰ ਸਕਦੇ ਹਨ ਕਿ ਯੂਕਰੇਨ ਦਾ ਅਰਥਚਾਰਾ ਹੋਰ ਬਿਹਤਰ ਤੋਂ ਬਿਹਤਰ ਹੁੰਦਾ ਜਾਵੇਗਾ। ਟਰੰਪ ਨੇ ਇਹ ਵੀ ਆਖਿਆ ਕਿ ਤੁਹਾਡੇ ਕੋਲ ਕਾਫੀ ਸੰਪਤੀ ਹੈ ਤੇ ਤੁਹਾਡਾ ਦੇਸ਼ ਕਾਫੀ ਮਹਾਨ ਹੈ। ਇਸ ਤੋਂ ਪਹਿਲਾਂ ਜ਼ੈਲੈਂਸਕੀ ਅਮਰੀਕਾ ਤੋਂ ਵਾਧੂ ਜੈਵੇਲਿਨ ਐਂਟੀ ਟੈਂਕ ਮਿਜ਼ਾਈਲਾਂ ਖਰੀਦਣ ਦੀ ਆਪਣੀ ਇੱਛਾ ਵੀ ਪ੍ਰਗਟਾਅ ਚੁੱਕੇ ਸਨ।

ਦੋਵਾਂ ਆਗੂਆਂ ਦਰਮਿਆਨ ਹੋਈ ਵਾਰਤਾ ਨੂੰ ਵੀ ਵ੍ਹਿਸਲਬਲੋਅਰ ਵੱਲੋਂ ਆਪਣੀ ਸ਼ਿਕਾਇਤ ਵਿੱਚ ਸ਼ਾਮਲ ਕੀਤਾ ਗਿਆ ਹੈ। ਮੰਗਲਵਾਰ ਨੂੰ ਹਾਊਸ ਸਪੀਕਰ ਨੈਂਸੀ ਪੈਲੋਸੀ ਵੱਲੋਂ ਰਸਮੀ ਤੌਰ ਉੱਤੇ ਟਰੰਪ ਖਿਲਾਫ ਇੰਪੀਚਮੈਂਟ ਸਬੰਧੀ ਜਾਂਚ ਸ਼ੁਰੂ ਕਰਨ ਲਈ 25 ਜੁਲਾਈ ਨੂੰ ਟਰੰਪ ਵੱਲੋਂ ਜ਼ੈਲੈਂਸਕੀ ਨੂੰ ਕੀਤੀ ਗਈ ਇਹ ਕਾਲ ਮੁੱਖ ਮੁੱਦੇ ਦਾ ਹਿੱਸਾ ਰਹੀ। ਵਾਈਟ ਹਾਊਸ ਦੇ ਰਿਕ-ਾਰਡ ਮੁਤਾਬਕ ਟਰੰਪ ਆਪਣੇ ਸਿਆਸੀ ਵਿਰੋਧੀ ਦੇ ਅਕਸ ਨੂੰ ਗੰਧਲਾ ਕਰਨ ਲਈ ਕਿਸੇ ਵਿਦੇਸ਼ੀ ਆਗੂ ਦੀ ਸ਼ਮੂਲੀਅਤ ਚਾਹੁੰਦੇ ਸਨ। ਉਹ ਇਸ ਹੱਦ ਤੱਕ ਚਲੇ ਗਏ ਕਿ ਉਨ੍ਹਾਂ ਇਸ ਕੰਮ ਵਿੱਚ ਆਪਣੇ ਅਟਾਰਨੀ ਜਨਰਲ ਨੂੰ ਮਦਦ ਲਈ ਘੜੀਸ ਲਿਆ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਕਾਲ ਤੋਂ ਕੁੱਝ ਦਿਨ ਪਹਿਲਾਂ ਟਰੰਪ ਨੇ ਯੂਕਰੇਨ ਨੂੰ ਦਿੱਤੀ ਜਾਣ ਵਾਲੀ 400 ਮਿਲੀਅਨ ਡਾਲਰ ਦੀ ਮਦਦ ਉੱਤੇ ਵੀ ਰੋਕ ਲਾ ਦਿੱਤੀ ਸੀ। ਸਮਰੀ ਤੋਂ ਇਹ ਤਾਂ ਸਿੱਧ ਨਹੀਂ ਹੋਇਆ ਕਿ ਇਸ ਤਰ੍ਹਾਂ ਦੀ ਰੋਕ ਤੋਂ ਜ਼ੈਲੈਂਸਕੀ ਜਾਣੂ ਸਨ ਤੇ ਇਸ ਸਬੰਧੀ ਸਥਿਤੀ ਸਪਸ਼ਟ ਕਰਨ ਲਈ ਵਾਈਟ ਹਾਊਸ ਤੋਂ ਮੰਗੀ ਮਦਦ ਉੱਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਗਈ। ਟਰੰਪ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਉਸ ਨੇ ਕੁੱਝ ਵੀ ਗਲਤ ਨਹੀਂ ਕੀਤਾ ਹੈ। ਬੁੱਧਵਾਰ ਨੂੰ ਯੂਨਾਈਟਿਡ ਨੇਸ਼ਨਜ਼ ਜਨਰਲ ਅਸੈਂਬਲੀ ਦੌਰਾਨ ਟਰੰਪ ਨਾਲ ਕੀਤੀ ਗਈ ਮੀਟਿੰਗ ਬਾਰੇ ਜ਼ੈਲੈਂਸਕੀ ਨੇ ਆਖਿਆ ਕਿ ਟਰੰਪ ਵੱਲੋਂ ਜਾਂ ਕਿਸੇ ਹੋਰ ਵੱਲੋਂ ਵੀ ਉਨ੍ਹਾਂ ਉੱਤੇ ਕੋਈ ਦਬਾਅ ਨਹੀਂ ਪਾਇਆ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਅਮਰੀਕੀ ਚੋਣਾਂ ਵਿੱਚ ਕਿਸੇ ਵੀ ਵਿਦੇਸ਼ੀ ਸਰਕਾਰ ਦੀ ਮਦਦ ਲੈਣਾ ਫੈਡਰਲ ਲਾਅ ਤਹਿਤ ਗੈਰਕਾਨੂੰਨੀ ਹੈ।






## 100 ਰੁਪਏ ਰਿਫੰਡ ਦੇ ਚੱਕਰ ਵਿੱਚ 77 ਹਜ਼ਾਰ ਰੁਪਏ ਗੁਆਏ

ਪਟਨਾ, 23 ਸਤੰਬਰ (ਪੋਸਟ ਬਿਊਰੋ)- ਬਿਹਾਰ ਦੀ ਰਾਜਧਾਨੀ ਪਟਨਾ 'ਚ ਇਕ ਨੌਜਵਾਨ ਨਾਲ ਹੈਰਾਨੀ ਵਾਲੀ ਘਟਨਾ ਵਾਪਰੀ ਹੈ। ਉਸ ਨੂੰ ਆਪਣੇ ਖਾਣੇ ਦਾ ਪੈਸਾ ਰਿਫੰਡ ਕਰਵਾਉਣਾ ਮਹਿੰਗਾ ਪਿਆ ਤੇ ਉਸ ਦੇ ਬੈਂਕ ਖਾਤੇ ਦਾ ਬੈਲੈਂਸ ਜ਼ੀਰੋ ਹੋ ਗਿਆ। ਇਸ ਨੌਜਵਾਨ ਨੇ ਖਾਣੇ ਦਾ 100 ਰੁਪਏ ਵਾਪਸ ਮੰਗਣ ਲਈ ਫ਼ੋਨ ਕੀਤਾ ਸੀ, ਪਰ ਧੋਖਾਧੜੀ ਹੋ ਗਈ। ਜਿਸ ਨੌਜਵਾਨ ਨਾਲ ਇਹ ਘਟਨਾ ਵਾਪਰੀ, ਉਸ ਦਾ ਨਾਂ ਵਿਸ਼ਣੂ ਹੈ ਤੇ ਉਹ ਇਕ ਇੰਜੀਨੀਅਰ ਹੈ।

ਅਸਲ ਵਿੱਚ ਵਿਸ਼ਣੂ ਨੇ ਜੋਮੈਟੋ ਐਪ ਤੋਂ ਖਾਣਾ ਆਰਡਰ ਕੀਤਾ ਸੀ, ਜਿਸ ਤੋਂ ਬਾਅਦ ਡਿਲੀਵਰੀ ਬੁਆਏ ਉਨ੍ਹਾਂ ਦੇ ਘਰ ਖਾਣਾ ਦੇਣ ਪੁੱਜਾ ਤਾਂ ਵਿਸ਼ਣੂ ਨੇ ਖਾਣੇ ਦੀ ਕੁਆਲਟੀ ਖ਼ਰਾਬ ਦੱਸ ਕੇ ਉਸ ਨੂੰ ਖਾਣਾ ਵਾਪਸ ਲਿਜਾਣ ਨੂੰ ਕਿਹਾ। ਇਸ ਤੋਂ ਬਾਅਦ ਡਿਲੀਵਰੀ ਬੁਆਏ ਨੇ ਵਿਸ਼ਣੂ ਨੂੰ ਜੋਮੈਟੋ ਦੇ ਕਸਟਮਰ ਕੇਅਰ ਨਾਲ ਗੱਲ ਕਰਨ ਦੀ ਸਲਾਹ ਦਿੱਤੀ। ਵਿਸ਼ਣੂ ਨੇ ਡਿਲੀਵਰੀ ਬੁਆਏ ਦੇ ਕਹਿਣ ਉੱਤੇ ਗੂਗਲ ਉਤੇ ਜੋਮੈਟੋ ਕਸਟਮਰ ਕੇਅਰ ਦਾ ਨੰਬਰ ਸਰਚ ਕੀਤਾ। ਇਸ ਦੌਰਾਨ ਉਸ ਨੂੰ ਜਿਹੜਾ ਪਹਿਲਾ ਨੰਬਰ ਵਿਖਾਈ ਦਿੱਤਾ, ਉਸ ਨੇ ਓਥੇ ਫ਼ੋਨ ਕੀਤਾ, ਪਰ ਉਹ ਕਿਸੇ ਠੱਗ ਦਾ ਨੰਬਰ ਸੀ। ਕਾਲ ਕਰਨ ਤੋਂ ਪਿੱਛੋਂ ਉਸ ਨੂੰ ਦੂਜੇ ਪਾਸਿਉਂ ਫ਼ੋਨ ਆਇਆ, ਜਿਸ ਨੇ ਖੁਦ ਨੂੰ ਜੋਮੈਟੋ ਕਸਟਮਰ ਕੇਅਰ ਐਗਜ਼ੀਕਿਊਟਿਵ ਦੱਸ ਕੇ ਕਿਹਾ ਕਿ ਰਿਫੰਡ ਦੀ ਪ੍ਰਕਿਰਿਆ ਸ਼ੁਰੂ ਹੋਣ ਉੱਤੇ ਤੁਹਾਡੇ ਖਾਤੇ ਵਿੱਚੋਂ 10 ਰੁਪਏ ਕੱਟਣਗੇ। ਕਾਲਰ ਨੇ ਵਿਸ਼ਣੂ ਨੂੰ ਲਿੰਕ ਭੇਜਿਆ ਅਤੇ ਵਿਸ਼ਣੂ ਨੂੰ 10 ਰੁਪਏ ਜਮਾਂ ਕਰਨ ਲਈ ਕਿਹਾ। ਬਗੈਰ ਲਿੰਕ ਪੜ੍ਹੇ ਵਿਸ਼ਣੂ ਨੇ ਲਿੰਕ ਉੱਤੇ ਕਲਿਕ ਕਰ ਦਿੱਤਾ ਅਤੇ 10 ਰੁਪਏ ਜਮਾਂ ਕਰਵਾ ਦਿੱਤੇ। ਕੁਝ ਦੇਰ ਬਾਅਦ ਕਈ ਟਰਾਂਜੈਕਸ਼ਨ ਹੋਏ ਤੇ ਖਾਤੇ ਵਿੱਚੋਂ 77 ਹਜ਼ਾਰ ਰੁਪਏ ਨਿਕਲ ਗਏ ਅਤੇ ਵਿਸ਼ਣੂ ਦੇ ਖਾਤੇ 'ਚ ਇਕ ਵੀ ਰੁਪਈਆ ਨਹੀਂ ਬਚਿਆ।

## ਡਬਲਿਊਐਸਆਈਬੀ ਵੱਲੋਂ ਅਨਫੰਡਿਡ ਚਾਰਜ ਨੂੰ ਖ਼ਤਮ ਕਰਨ ਨਾਲ ਇੰਪਲਾਇਰਜ਼ ਤੇ ਇੰਪਲਾਈਜ਼ ਨੂੰ ਹੋਵੇਗਾ ਫਾਇਦਾ : ਮੈਕਨੌਟਨ

ਟੋਰਾਂਟੋ, 25 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਬੋਰਡ (ਡਬਲਿਊਐਸਆਈਬੀ) ਵੱਲੋਂ ਆਪਣੇ ਦੇਣਦਾਰੀ ਸਬੰਧੀ ਅਨਫੰਡਿਡ ਚਾਰਜ ਨੂੰ ਖਤਮ ਕੀਤਾ ਜਾ ਰਿਹਾ ਹੈ। ਇਸ ਨਾਲ 607 ਮਿਲੀਅਨ ਡਾਲਰ ਦੀ ਬਚਤ ਹੋਵੇਗੀ। ਇਹ ਜਾਣਕਾਰੀ ਲੇਬਰ ਮੰਤਰੀ ਮੌਂਟੀ ਮੈਕਨੌਟਨ ਵੱਲੋਂ ਦਿੱਤੀ ਗਈ।

ਮੈਕਨੌਟਨ ਨੇ ਆਖਿਆ ਕਿ ਇਹ ਪ੍ਰੋਵਿੰਸ ਭਰ ਦੇ ਇੰਪਲਾਇਰਜ਼ ਤੇ ਇੰਪਲਾਈਜ਼ ਲਈ ਚੰਗੀ ਖਬਰ ਹੈ। ਇਸ ਪੈਸੇ ਨੂੰ ਨਵੀਆਂ ਨੌਕਰੀਆਂ, ਤਕਨਾਲੋਜੀ ਤੇ ਹੈਲਥ ਅਤੇ ਸੇਫਟੀ ਪ੍ਰੋਗਰਾਮਾਂ ਵਿੱਚ ਲਾਇਆ ਜਾਵੇਗਾ। ਅੱਜ ਵਾਲੀ ਕਟੌਤੀ ਦੇ ਨਾਲ ਡੱਗ ਫੋਰਡ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਨੇ ਕਾਰੋਬਾਰਾਂ ਤੋਂ ਡਬਲਿਊਐਸਆਈਬੀ ਲਾਗਤ ਦੋ ਬਿਲੀਅਨ ਤੋਂ ਵੀ ਵੱਧ ਘਟਾ ਦਿੱਤੀ ਹੈ। ਇਹ ਕੀਮਤ ਘੱਟ ਰਹੀ ਹੈ ਤੇ ਜ਼ਖ਼ਮੀ ਕਾਮਿਆਂ ਤੇ ਕੰਮ ਵਾਲੀ ਥਾਂ ਦੀ ਸੇਫਟੀ ਵਿੱਚ ਦਿਨੋਂ ਦਿਨ ਸੁਧਾਰ ਹੋ ਰਿਹਾ ਹੈ। ਮੈਕਨੌਟਨ ਨੇ ਆਖਿਆ ਕਿ ਇਹ ਸਾਡੀ ਸਰਕਾਰ ਦੀ ਇੱਕ ਹੋਰ ਯੋਜਨਾ ਦਾ ਹਿੱਸਾ ਹੈ ਕਿ ਓਨਟਾਰੀਓ ਦੇ ਲੋਕਾਂ ਨੂੰ ਹੋਰ ਆਰਥਿਕ ਮੌਕੇ ਮੁਹੱਈਆ ਕਰਵਾਏ ਜਾਣ। ਅਨਫੰਡਿਡ ਲਾਇਬਿਲਿਟੀਡ ਖ਼ਤਮ ਕੀਤੇ ਜਾਣ ਨਾਲ ਪ੍ਰੋਵਿੰਸ ਭਰ ਦੇ 222,000 ਕਾਰੋਬਾਰਾਂ ਦੇ ਪ੍ਰੀਮੀਅਮ ਘੱਟ ਜਾਣਗੇ। ਡਬਲਿਊਐਸਆਈਬੀ ਜਨਵਰੀ 2020 ਵਿੱਚ ਆਪਣੇ ਅਨਫੰਡਿਡ ਲਾਇਬਿਲਿਟੀ ਚਾਰਜ ਖ਼ਤਮ ਕਰੇਗੀ।






















# 550ਵੇਂ ਗੁਰਪੁਰਬ ਨੂੰ ਸਮਰਪਿਤ ਸਾਹਿਤਕ ਗੋਸ਼ਟੀ ਹੋਈ





ਬਰੈਂਪਟਨ, 25 ਸਤੰਬਰ (ਪੋਸਟ ਬਿਊਰੋ): ਬੀਤੇ ਸ਼ਨਿਚਰਵਾਰ ਨੂੰ ਸਾਊਥ ਫਲੈਚਰਜ ਲਾਇਬਰੇਰੀ ਬਰੈਂਪਟਨ ਦੇ ਜਿਮਨੇਜੀਅਮ ਹਾਲ ਵਿਖੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੂਰਬ ਨੂੰ ਸਮਰਪਤਿ ਸਾਹਿਤਕ ਗੋਸਟੀ ਅਤੇ ਕਵੀ ਦਰਬਾਰ ਬਹੁਤ ਹੀ ਸੰਜੀਦਾ ਅਤੇ ਰੌਚਿਕਤਾ ਵਾਲੇ ਮਾਹੌਲ ਵਿੱਚ ਹੋਇਆ। ਚੇਤਨਾ ਬਿਊਰੋ ਵਾਲੇ ਚੇਤਨਾ ਮੈਗਜ਼ੀਨ ਦੇ ਫਾਊਂਡਰ ਐਡੀਟਰ, ਤਿੰਨ ਕਿਤਾਬਾਂ ਦੇ ਲੇਖਕ ਅਤੇ ਕੈਨੇਡੀਅਨ ਕੌਂਸਲ ਔਫ ਸਾਊਥ ਏਸੀਅਨ ਸੀਨੀਅਰਜ਼ ਦੇ ਪੰਦਰਾਂ ਸਾਲ ਵਲੰਟੀਅਰ ਸੋਸ਼ਲ ਕੋਆਰਡੀਨੇਟਰ, ਪੰਜਾਬ ਪੈਨਸ਼ਨਰਜ ਵੈਲਫੇਅਰਜ਼ ਐਸੋਸ਼ੀਏਸ਼ਨ ਔਫ ਟੋਰਾਂਟੋ ਦੇ ਮੀਡੀਆ ਤੇ ਸ਼ੋਸ਼ਲ ਕੋਆਰਡੀਨੇਟਰ ਸੁਰਿੰਦਰ ਸਿੰਘ ਪਾਮਾ ਵੱਲੋਂ ਆਪਣੇ ਵਿਜਨਰੀ ਮਿਸ਼ਨ 'ਟੂ ਪ੍ਰਮੋਟ ਸਾਊਥ ਏਸ਼ੀਅਨ ਕਲਚਰ ਐਂਡ ਹੈਰੀਟੇਜ ਇਨ ਕੈਨੇਡਾ' ਤਹਿਤ ਚੇਤਨਾ ਨਾਈਟ 2007 ਦੀ ਸੁਰੂਆਤ ਤੋਂ ਚਲ ਕੇ, ਫਾਦਰਜ ਡੇ, ਕੈਨੇਡਾ ਡੇ, ਕਿਤਾਬ ਰਲੀਜ ਸਮਾਗਮਾਂ ਵਾਲੀ ਰੀਤ ਨੂੰ ਅੱਗੇ ਤੋਰਦਿਆਂ ਪੰਜਵਾਂ ਨਿਰੋਲ ਸਾਹਿਤਕ ਪ੍ਰੋਗਰਾਮ ਕਰਵਾਉਣ ਦੇ ਮੰਤਵ ਨਾਲ ਪਹਿਲਾਂ ਦੀ ਤਰ੍ਹਾਂ ਹੀ ਜਿਮਨੇਜੀਅਮ ਹਾਲ ਬੁਕ ਕਰਵਾਇਆ ਗਿਆ। ਇਸ ਸਾਹਿਤਕ ਪ੍ਰੋਗਰਾਮ ਵਿੱਚ ਸਮੂਲ੍ਹੀਅਤ ਕਰਨ ਲਈ ਕੈਨੇਡੀਅਨ ਪੰਜਾਬੀ ਭਾਈਚਾਰੇ, ਪੰਜਾਬੀ ਸਾਹਿਤਕਾਰਾਂ, ਕਵੀਆਂ, ਲੇਖਕਾਂ, ਕਵੀਸ਼ਰਾਂ, ਸੀਨੀਅਰਜ਼ ਕਲੱਬਾਂ ਨੂੰ ਖੁਲ੍ਹਾ ਸੱਦਾ ਦਿੱਤਾ ਗਿਆ। ਸੁਰਿੰਦਰ ਸਿੰਘ ਪਾਮਾ ਵੱਲੋਂ ਕਰਨਲ ਗੁਰਨਾਮ ਸਿਘ ਚੇਅਰਮੈਨ, ਸਰਦਾਰ ਮੱਗਰ ਸਿੰਘ ਪ੍ਰੈਜੀਡੈਂਟ, ਵਿਦਵਾਨ ਲੇਖਕ ਪੂਰਨ ਸਿੰਘ ਪਾਂਧੀ ਅਤੇ ਡਾਕਟਰ ਗਿਆਨ ਸਿੰਘ ਘਈ ਸਾਬਕਾ ਪਿੰਸੀਪਲ, ਸਾਬਕਾ ਐਮ.ਪੀ. ਸੋਨੀਆ ਸਿੱਧੂ, ਡਾਕਟਰ ਪਰਗਟ ਸਿੰਘ ਬੱਗਾ, ਸੀਨੀਅਰ ਲੇਖਕ ਤੇ ਜਰਨਲਿਸਟ ਬਲਬੀਰ ਸਿੰਘ ਮੋਮੀ, ਨੈਸ਼ਨਲ ਅਵਾਰਡੀ ਕਿਰਸਾਨ ਹਰਪਾਲ ਸਿਘ ਰਾਮ ਦੀਵਾਲੀ, ਸੋਸ਼ਲ ਕੋਆਰਡੀਨੇਟਰ ਧਰਮਪਾਲ ਸਿੰਘ ਸ਼ੇਰਗਿੱਲ ਅਤੇ ਅੰਤਰਰਾਸ਼ਟਰੀ ਪੱਤਰਕਾਰ ਸਤਪਾਲ ਸਿੰਘ ਜੌਹਲ ਨਡਾਲਾ ਹੁਰਾਂ ਨੂੰ ਮੰਚ ਤੇ ਬੈਠਣ ਲਈ ਭਾਵਪੂਰਤ ਸਬਦਾਂ ਵਿੱਚ ਬੁਲਾਇਆ ਗਿਆ। ਚਾਹ, ਪਾਣੀ ਅਤੇ ਸਨੈਕਸ ਦਾ ਖੁੱਲ੍ਹਾ ਪ੍ਰਬੰਧ ਕੀਤਾ ਹੋਇਆ ਸੀ, ਬਹੁਤ ਗਿਣਤੀ ਵਿੱਚ ਸਾਰਿਆਂ ਨੇ ਹੁਮ-ਹੁਮਾ ਕੇ ਸ਼ਿਰਕਤ ਕੀਤੀ ਅਤੇ ਹਾਲ ਦੀ ਕਪੈਸਟੀ ਅਨੁਸਾਰ ਸਾਰੀਆਂ ਹੀ ਕੁਰਸੀਆਂ ਨੂੰ ਬੈਠਣ ਵਾਲਿਆਂ ਦੀ ਛੂਹ ਪ੍ਰਾਪਤ ਹੋਈ। ਇਕ ਹਫ਼ਤੇ ਦੇ ਅਰਸੇ ਵਿੱਚ ਉਲੀਕੇ ਤੇ ਸ਼ਾਂਤਮਈ ਰੌਚਿਕ ਮਾਹੌਲ ਵਿੱਚ ਦ੍ਰਿਸਮਾਨ ਹੋਏ ਇਸ ਸਾਹਿਤਕ ਪ੍ਰੋਗਰਾਮ ਦੀ ਸੁਰੂਆਤ ਸੁਰਿੰਦਰ ਸਿੰਘ ਪਾਮਾ ਵੱਲੋਂ ਕਾਵਿਕ ਰੂਪ ਵਿੱਚ ਕੀਤੀ ਗਈ...ਰੱਬ ਹੈ ਤੇਰਾ, ਰੱਬ ਹੈ ਮੇਰਾ। ਉਹ ਹੀ ਦੇਖਦਾ, ਦਿਨ ਰਾਤ ਚੁਫੇਰਾ। ਰੱਬ ਇਕ ਬੁਝਾਰਤ, ਰੱਬ ਇਕ ਰਮਝ। ਰੱਬ ਇਕ ਸੋਚ, ਰੱਬ ਇਕ ਸਮਝ। ਰੱਬ ਵਿਸ਼ਵਾਸ, ਜੀਵਨ ਦੀ ਆਸ, ਹੈ ਉਹ ਇਕ, ਹਰੇਕ ਦੇ ਵਿੱਚ। ਰਸਤੇ ਨੇ ਕਈ, ਉਹ ਤਾਂ ਇਕ। ਗੁਰੂ ਨਾਨਕ ਜੀ ਕੀਤਾ, ਜਗਤ ਨਿਹਾਲ। ਕਈ ਹੋਏ ਕਾਲ, ਇਕ ਹੀ ਅਕਾਲ। ਗੱਜ਼ ਕੇ ਬੋਲੋ, ਸਤਿ ਸ੍ਰੀ ਅਕਾਲ। ਹਾਲ ਗੂੰਜ਼ ਉਠਿਆ, ਸਾਰੇ ਹੀ ਬੋਲੇ ਸਤਿ ਸ੍ਰੀ ਅਕਾਲ ਅਤੇ ਸਾਰੇ ਹੀ ਦੇਖੇ ਗਏ ਨਿਹਾਲ। ਜਿਵੇਂ ਕਿ ਸੁਰਿੰਦਰ ਸਿੰਘ ਪਾਮਾ ਵੱਲੋਂ ਕਰਵਾਇਆ ਹਰੇਕ ਪ੍ਰੋਗਰਾਮ ਕਰੀਏਟਿਵ ਤੇ ਨਿਵੇਕਲਾ ਹੁੰਦਾ ਹੈ, ਬੱਚੇ, ਜੁਆਨ, ਬੀਬੀਆਂ ਅਤੇ ਬਜ਼ਰਗਾਂ ਦੀ ਸਮੂਲ੍ਹੀਅਤ ਹੁੰਦੀ ਹੈ। ਇਸ ਵਾਰ ਵੀ ਸ਼ੁਰੂਆਤੀ ਦੌਰ ਵਿੱਚ ਕੈਨੇਡੀਅਨ ਪੰਜਾਬੀ ਸਕੂਲ ਦੇ ਬੱਚਿਆਂ ਭਰਾ-ਭੈਣ ਅਧੀਰਾਜ ਸਿੰਘ ਅਤੇ ਅਵਨੀਤ ਕੌਰ ਨੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਬਿਤ ਗਾਇਨ ਕੀਤੀ। ਬੁਲਾਰਿਆਂ ਵਿੱਚ ਕਰਨਲ ਗੁਰਨਾਮ ਸਿੰਘ ਚੇਅਰਮੈਨ, ਡ: ਗਿਆਨ ਸਿੰਘ ਘਈ ਸਾਬਕਾ ਪ੍ਰਿਸੀਪਲ, ਡ: ਪਰਗਟ ਸਿੰਘ ਬੱਗਾ, ਡ:ਹਰਵਿੰਦਰ ਚੀਮਾ ਸਾਬਕਾ ਪ੍ਰੋਫੈਸਰ, ਡ: ਸੁਖਦੇਵ ਸਿੰਘ ਸਾਬਕਾ ਡੀਨ, ਸੋਨੀਆ ਸਿੱਧੂ, ਲੈਕਚਰਾਰ ਮਲਵਿੰਦਰ ਸਿੰਘ, ਸਤਪਾਲ ਸਿੰਘ ਜੌਹਲ ਨਡਾਲਾ, ਬਰੈਂਪਟਨ ਦੀਆਂ ਸੀਨੀਅਰਜ਼ ਕਲੱਬਾਂ ਦੇ ਸੰਗਠਨ ਵਾਲੀ ਕਲੱਬ ਤੋਂ ਸਾਬਕਾ ਪ੍ਰੋਫੈਸਰ ਅਤੇ ਪੰਜਾਬੀ ਭਾਸ਼ਾ ਦੇ ਚਿੰਤਕ ਨਿਰਮਲ ਸਿੰਘ ਧਾਰਨੀ, ਲੇਖਕ ਬਲਬੀਰ ਸਿੰਘ ਮੋਮੀ, ਸੰਜੀਦਾ ਗਾਇਕੀ ਦੇ ਸ਼ਾਹਅਸਵਾਰ ਜਿੰਦ ਧਾਰੀਵਾਲ, ਮਲ ਸਿੰਘ ਬਾਸੀ ਵਾਈਸ ਪ੍ਰਧਾਨ ਪੰਜਾਬ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਔਫ ਟੋਰਾਂਟੋ, ਸੱਚਦੇਵਾ ਜੀ, ਸਤਪਾਲ ਸਿੰਘ ਜੌਹਲ ਨਾਡਾਲਾ, ਦੁਗਲ ਅੰਕਲ, ਨਿਰਵੈਰ ਸਿੰਘ ਸਾਬਕਾ ਪ੍ਰਿੰਸੀਪਲ, ਬਲਵੀਰ ਕੌਰ ਮੱਲ੍ਹੀ, ਬਲਵਿੰਦਰ ਕੌਰ ਗਰੇਵਾਲ, ਰਨਜੀਤ ਕੌਰ, ਮਸ਼ਹੂਰ ਪਾਕਿਸਤਾਨੀ ਸ਼ਾਇਰ ਮਕਸੂਦ ਚੌਧਰੀ, ਐਡਵੋਕੇਟ ਪਰਮਜੀਤ ਸਿੰਘ ਗਿੱਲ, ਹਰਪਾਲ ਸਿੰਘ ਰਾਮਦੀਵਾਲੀ, ਧਰਮਪਾਲ ਸਿੰਘ ਸ਼ੇਰਗਿੱਲ, ਹਰਮਨਦੀਪ ਸਿੰਘ, ਸੁਖਵਿੰਦਰ ਸਿੰਘ, ਅਜਮੇਰ ਸਿੰਘ ਪਰਦੇਸੀ, ਅਮਰ ਸਿੰਘ ਢੀਂਡਸਾ, ਸੁੰਦਰਪਾਲ ਕੌਰ ਰਾਜਾਸਾਂਸੀ, ਰਾਮਗੜੀਆ ਸਾਹਿਤ ਸਭਾ ਦੇ ਜਨਰਲ ਸਕੱਤਰ ਹਰਦਿਆਲ ਸਿੰਘ ਝੀਤਾ, ਬਰਲਿੰਗਟਨ ਤੋਂ ਜਰਨੈਲ ਸਿੰਘ, ਗੁਰਮੀਤ ਕੌਰ, ਅਮਰ ਸਿੰਘ ਤੁਸਰ ਆਦਿ ਸਭਨਾ ਨੇ ਹੀ ਸਮਾਗਮ ਦੇ ਵਿਸ਼ੇ ਨੂੰ ਮੁੱਖ ਰੱਖ ਕੇ ਵਾਰਤਿਕ ਅਤੇ ਕਵਿਤਾ ਦੇ ਰੂਪ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਅਤੇ ਜਗਤ ਨੂੰ ਉਪਦੇਸ਼ ਦੇਣ ਸਬੰਧੀ ਵਿਸ਼ਿਆਂ ਦੇ ਆਧਾਰ ਤੇ ਹੀ ਬੋਲਿਆ, ਗਾਇਆ ਤੇ ਸੁਣਿਆ-ਸੁਣਾਇਆ। ਇੰਡੀਅਨ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਬਰੈਂਪਟਨ, ਸੀਨੀਅਰਜ ਸਮਾਈਲਿੰਗ ਕਲੱਬ ਬਰੈਂਪਟਨ , ਸਾਬਕਾ ਪ੍ਰਧਾਨ ਹਰਭਜਨ ਸਿੰਘ ਨੰਗਲੀਆ, ਬਰੈਂਪਟਨ ਦੀਆਂ ਸੀਨੀਅਰਜ਼ ਕਲੱਬਾਂ ਦੇ ਪ੍ਰਧਾਨ ਅਤੇ ਆਹੁਦੇਦਾਰ ਵੀ ਹਾਜ਼ਰੀਨ ਸਨ, ਸਾਹਿਤ ਪ੍ਰੇਮੀ ਦਲਜੀਤ ਸਿੰਘ ਗੈਦੂ ਹੁਰਾਂ ਨਾਲ ਨਾਮਧਾਰੀ ਆਗੂ ਠਾਕਰ ਦਲੀਪ ਸਿੰਘ ਜੀ ਸਰਸਾ ਵਾਲੇ, ਕੁਲਦੀਪ ਸਿੰਘ ਗੋਲੀ, ਜੇਮਜ ਪੋਟਰ ਕਲੱਬ ਵਲੋਂ ਪ੍ਰਧਾਨ ਪ੍ਰੀਤਮ ਸਿੰਘ ਸਰਾਂ ਅਤੇ ਵਿਸਾਖਾ ਸਿੰਘ ਤਾਤਲਾ, ਪਿਆਰਾ ਲਾਲ ਸ਼ਰਮਾਂ, ਲਾਹੌਰ ਵਾਲੇ ਜ਼ਾਹਿਦ ਅਲੀ, ਮੇਜਰ ਸਿੰਘ ਸੈਂਭੀ, ਜੋਗਿੰਦਰ ਸਿੰਘ ਪੱਡਾ, ਅਮਰੀਕ ਸਿੰਘ ਸੈਨੀ, ਬਲਵਿੰਦਰ ਬਰਨਾਲਾ, ਮੋਰਟਿਨ ਵੇ ਪਾਰਕ ਕਲੱਬ ਵਾਲੇ ਸਾਰੇ ਸੀਨੀਅਰਜ਼, ਬਹੁਗਿਣਤੀ ਵਿੱਚ ਬੀਬੀਆਂ ਅਤੇ ਹੋਰ ਵੀ ਬਹੁਤ ਸਾਰੇ ਸਾਹਿਤ ਪ੍ਰੇਮੀਆਂ ਨੇ ਸਾਹਿਤਕ ਗੋਸਟੀ ਦਾ ਅਨੰਦ ਮਾਣਿਆ। ਵਕਤ ਦੀ ਸੀਮਾਂ ਵਿੱਚ ਰਹਿ ਕੇ ਬੁਲਾਰਿਆਂ ਨੇ ਗੁਰੂ ਨਾਨਕ ਦੇਵ ਜੀ ਦੀ ਜਗਤ ਨੂੰ ਦੇਣ ਸਬੰਧੀ ਸਾਰਥਿਕ ਵਿਚਾਰ ਪੇਸ਼ ਕੀਤੇ ਅਤੇ ਸਰੋਤਿਆਂ ਨੇ ਮਨ ਚਿਤ ਲਾ ਕੇ ਸੁਣੇ। ਚੇਤਨਾ ਬਿਊਰੋ ਦੇ ਅਡਵਾਈਜਰ ਸਾਬਕਾ ਸੈਸ਼ਨ ਜੱਜ ਸਰਦਾਰ ਅਵਤਾਰ ਸਿੰਘ ਗਿੱਲ, ਪ੍ਰਿਸੀਪਲ ਸਰਬਣ ਸਿੰਘ, ਵਰਿਆਮ ਸਿੰਘ ਸੰਧ, ਕੰਪਿਊਟਰ ਵਾਲੇ ਕਿਰਪਾਲ ਸਿੰਘ ਪੰਨੂੰ ਹੁਰੀਂ ਹੋਰ ਨਿੱਜੀ ਪ੍ਰੋਗਰਾਮ ਤੇ ਜਾਣ ਕਰਕੇ ਸ਼ਾਮਿਲ ਨਾ ਹੋ ਸਕੇ। ਸਾਹਿਤਕ ਗੋਸਟੀ ਦੇ ਮੁੱਖ ਮਹਿਮਾਨ ਵਿਦਿਵਾਨ ਲੇਖਕ ਪੂਰਨ ਸਿੰਘ ਪਾਂਧੀ ਅਤੇ ਅਤੇ ਡ:ਪਰਗਟ ਸਿੰਘ ਬੱਗਾ ਹੁਰਾਂ ਨੂੰ ਚੇਤਨਾ ਬਿਊਰੋ ਬਰੈਂਪਟਨ ਵਲੋਂ ਦੁਸ਼ਾਲੇ, ਪ੍ਰੈਜੀਡੈਂਟ ਮੱਗਰ ਸਿੰਘ ਹੰਸਰਾ ਅਤੇ ਚੇਅਰਮੈਨ ਕਰਨਲ ਗੁਰਨਾਮ ਸਿੰਘ ਹੁਰਾਂ ਰਾਹੀਂ ਭੇਂਟ ਕਰ ਕੇ ਸਨਮਾਨਤ ਕੀਤਾ ਗਿਆ। ਪਰਵਾਸੀ ਮੀਡੀਆ ਦੇ ਅਣਥਕ ਨੌਜਵਾਨ ਪੱਤਰਕਾਰ ਜਸਪ੍ਰੀਤ ਸਿੰਘ ਨੇ ਇਸ ਪ੍ਰੋਗਰਾਮ ਦੀ ਕਵਰਿੰਗ ਕੀਤੀ। ਹੋਰ ਜਾਣਕਾਰੀ, ਸੁਝਾ ਦੇਣ ਲਈ ਜਾਂ ਪ੍ਰੋਗਰਾਮ ਆਰਗੇਨਾਈਜ ਕਰਨ ਲਈ ਸੁਰਿੰਦਰ ਸਿੰਘ ਪਾਮਾ ਨਾਲ 647-949-6738 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਰਿਟ੍ਰੀਟ ਸੈਰੇਮਨੀ ਲਈ ਵੀ ਆਈ ਪੀ ਪਾਸ ਵੇਚਣ ਵਾਲੀ 'ਕੰਪਨੀ' ਦੇ ਖਿਲਾਫ ਕੇਸ ਦਰਜ

ਨਵੀਂ ਦਿੱਲੀ, 25 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਅਟਾਰੀ ਵਾਹਗਾ ਸਰਹੱਦ 'ਤੇ ਰਿਟ੍ਰੀਟ ਸੈਰੇਮਨੀ ਵੇਖਣ ਲਈ ਯਾਤਰੀਆਂ ਨਾਲ ਧੋਖਾ ਕਰ ਕੇ ਉਨ੍ਹਾਂ ਨੂੰ ਵੀ ਆਈ ਪੀ ਪਾਸ ਵੇਚਣ ਦੀ ਬੀ ਐਸ ਐਫ ਦੀ ਸ਼ਿਕਾਇਤ 'ਤੇ ਇਕ ਕੌਮਾਂਤਰੀ ਆਨਲਾਈਨ ਟ੍ਰੈਵਲ ਕੰਪਨੀ ਖਿਲਾਫ ਕੱਲ੍ਹ ਮਾਮਲਾ ਦਰਜ ਕੀਤਾ ਗਿਆ ਹੈ।

ਸਰਹੱਦੀ ਸੁਰੱਖਿਆ ਬਲ (ਬੀ ਐਸ ਐਫ) ਨੇ ਇਸ ਮਹੀਨੇ ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ 'ਚ ਇਸ ਨੂੰ ਬਹੁ ਰਾਸ਼ਟਰੀ ਘੁਟਾਲਾ ਦੱਸਦਿਆਂ ਕਿਹਾ ਕਿ ਰੋਜ਼ ਝੰਡਾ ਉਤਾਰਨ ਦੀ ਰਸਮ ਮੁਫਤ ਵੇਖੀ ਜਾਂਦੀ ਹੈ ਅਤੇ ਬੀ ਐਸ ਐਫ ਦੇ ਜਵਾਨ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਲੋਕ ਬਿਨਾਂ ਪੈਸਾ ਖਰਚੇ ਇਸ ਰਸਮ ਦੇ ਸਾਰੇ ਪਹਿਲੂਆਂ ਦਾ ਆਨੰਦ ਲੈ ਸਕਣ। ਪੁਲਸ ਵੱਲੋਂ ਇਸ ਕੇਸ ਵਿੱਚ ਬਦਲੀ ਗਈ ਸ਼ਿਕਾਇਤ ਅਨੁਸਾਰ ਐਕਸੀਡੀਆ ਗਰੁੱਪ, ਇਕ ਕੌਮਾਂਤਰੀ ਆਨਲਾਈਨ ਟ੍ਰੈਵਲ ਏਜੰਸੀ ਅਤੇ ਇਸ ਦੇ ਨਾਲ ਜੁੜੇ ਹੋਰ ਲੋਕਾਂ ਬਾਰੇ ਪਹਿਲੀ ਵਾਰ 31 ਅਗਸਤ ਨੂੰ ਪੰਜਾਬ ਦੇ ਸਰਹੱਦੀ ਜ਼ਿਲੇ ਅੰਮ੍ਰਿਤਸਰ 'ਚ ਪਤਾ ਲਾਇਆ ਗਿਆ। 'ਐਕਪੀਡੀਆ ਡਾਟ ਕਾਮ' ਨੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਇਹ ਕੇਸ ਓਦੋਂ ਪਤਾ ਲੱਗਾ ਜਦ ਦਿੱਲੀ ਤੋਂ ਇਕ ਔਰਤ ਤੇ ਤਿੰਨ ਹੋਰਨਾਂ ਨੇ ਸੀਮਾ ਸੁਰੱਖਿਆ ਬਲ ਤੱਕ 31 ਅਗਸਤ ਨੂੰ ਪਹੁੰਚ ਕੀਤੀ ਕਿ ਉਨ੍ਹਾਂ ਕੋਲ ਝੰਡਾ ਉਤਾਰਨ ਦੀ ਰਸਮ ਵੇਖਣ ਦੇ ਵੀ ਆਈ ਪੀ ਪਾਸ ਹਨ। ਜਵਾਨਾਂ ਨੂੰ ਜਦ ਇਸ 'ਚ ਘਪਲੇ ਦਾ ਸ਼ੱਕ ਹੋਇਆ ਤਾਂ ਉਨ੍ਹਾਂ ਨੇ ਇਸ ਬਾਰੇ ਅਧਿਕਾਰੀਆਂ ਨੂੰ ਸੂਚਿਤ ਕੀਤਾ।



## ਰੱਬ ਦਾ ਸੰਕਲਪ –ਹਰਜੀਤ ਦਿਓਲ, ਬਰੈਂਪਟਨ

ਬਰਨਾਲਾ ਪੰਜਾਬ ਤੋਂ ਛਪਦੀ ਮੈਗਜੀਨ 'ਤਰਕਸ਼ੀਲ' ਦੇ ਜੁਲਾਈ-ਅਗਸਤ 2016 ਵਿੱਚ ਇੱਕ ਖਬਰ ਛਪੀ ਸੀ, ਜਿਸ ਅਨੁਸਾਰ " ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ ( ਕਾਊਂਸਿਲ ਆਫ ਸਾਈਂਟੀਫਿਕ ਐਂਡ ਇੰਡਸਟਰੀਅਲ ਰਿਸਰਚ) ਵੱਲੋਂ ਆਪਣੇ ਖੋਜਾਰਥੀਆਂ ਨੂੰ ਇੱਕ ਫਾਰਮ ਜਾਰੀ ਕਰਕੇ ਇਹ ਲਿਖਣ ਲਈ ਕਿਹਾ ਗਿਆ ' ਮੈਂ ਪੂਰੀ ਵਫਾਦਾਰੀ ਨਾਲ ਆਪਣੇ ਕਰਤੱਵ ਨਿਭਾਵਾਂਗਾ, ਇਸ ਲਈ ਪਰਮਾਤਮਾ ਮੇਰੀ ਮਦਦ ਕਰੇ'। ਇਸ ਸਵੈ ਘੋਸ਼ਣਾ 'ਤੇ ਤੁਰੰਤ ਆਪਣੀ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਭਾਰਤੀ ਤਰਕਸ਼ੀਲ ਜੱਥੇਬੰਦੀਆਂ ਦੀ ਸੰਸਥਾ (ਫੇਡਰੇਸ਼ਨ ਆਫ ਇੰਡੀਅਨ ਰੇਸ਼ਨਲਿਸਟ ਐਸੋਸੀਏਸ਼ਨ) ਵੱਲੋਂ ਆਪਣੇ ਪ੍ਰਧਾਨ ਨਰਿੰਦਰ ਨਾਇਕ ਦੀ ਅਗਵਾਈ ਹੇਠ ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ ਦੇ ਡਾਈਰੈਕਟਰ ਜਨਰਲ ਗਰੀਸ ਸਾਹਨੀ ਨੂੰ ਇੱਕ ਪੱਤਰ ਲਿਖਿਆ ਗਿਆ ਕਿ ' ਜਿਸ ਦੀ ਹੋਂਦ ਹੀ ਨਹੀਂ, ਉਸ ਦਾ ਹਵਾਲਾ ਦੇ ਕੇ, ਉਸ 'ਤੋਂ ਸਹਾਇਤਾ ਦੀ ਮੰਗ ਕਰਕੇ, ਖੋਜਾਰਥੀਆਂ ਤੋਂ ਇਹ ਬਿਨੈ ਪੱਤਰ ਲੈਣ ਪਿੱਛੇ ਆਪਦਾ ਕੀ ਮਕਸਦ ਹੈ? ਕੀ ਇਹ ਵਿਸ਼ੇਸ਼ ਤੌਰ 'ਤੇ ਨਾਸਤਕਾਂ ਨੂੰ ਖੋਜ ਖੇਤਰ 'ਤੋਂ ਬਾਹਰ ਕਰਨ ਦਾ ਉਪਰਾਲਾ ਤਾਂ ਨਹੀਂ? ਇਹ ਤਾਂ ਸੰਵਿਧਾਨ ਦੀ ਧਾਰਾ 5118 ਆਟੀਕਲ ਦੇ ਵਿਰੁੱਧ ਹੈ, ਜੋ ਇਹ ਕਹਿੰਦਾ ਹੈ ਕਿ ਲੋਕਾਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ, ਜਾਂਚ ਕਰਨ ਦਾ ਹੱਕ ਅਤੇ ਮਨੁੱਖਤਾ ਲਈ ਪ੍ਰਤੀਬੱਧਤਾ ਹਰ ਨਾਗਰਿਕ ਦਾ ਫਰਜ ਹੈ'। ਇਸ ਪੱਤਰ ਦੇ ਪ੍ਰਾਪਤ ਹੋਣ ਉਪਰੰਤ ਵਿਗਿਆਨਕ ਅਤੇ ਇੰਡਸਟਰੀਅਲ ਖੋਜ ਪ੍ਰੀਸ਼ਦ ਨੂੰ ਆਪਣੇ ਬਿਨੈਪੱਤਰ ਵਿੱਚੋਂ ਰੱਬ ਦੇ ਹਵਾਲੇ ਵਾਲਾ ਪੰਨਾ ਹਟਾਉਣ ਲਈ ਮਜਬੂਰ ਹੋਣਾ ਪਿਆ ਹੈ।"

ਮਹਾਨ ਰੂਸੀ ਚਿੰਤਕ ਅਤੇ ਸਾਹਿਤਕਾਰ ਲਿਓ ਤਾਲਸਤਾਏ ਆਪਣੀ ਜੀਵਨ ਕਹਾਣੀ ਲਿਖਦਿਆਂ ਸਵੀਕਾਰਿਆ ਹੈ ਕਿ ਚਰਚ ਅਤੇ ਧਰਮ ਆਪਣੇ ਮੁੱਢਲੇ ਉਦੇਸ਼ਾਂ ਨੂੰ ਦਰਕਿਨਾਰ ਕਰਕੇ ਜਿਸ ਰੱਬ ਦੇ ਸੰਕਲਪ ਦਾ ਪ੍ਰਚਾਰ ਕਰਦਾ ਹੈ ਉਹ ਬੇਢੱਬੀਆਂ, ਆਤਮ ਵਿਰੋਧੀ ਬੇਹੂਦਗੀਆਂ ਨਾਲ ਭਰਿਆ ਪਿਆ ਹੈ। ਕਿਸੇ ਸਮੇਂ ਈਸਾ ਮਸੀਹ ਨੇ ਗਰੀਬਾਂ, ਦਬੇ ਕੁਚਲੇ ਲੋਕਾਂ, ਮਜਲੂਮਾਂ ਨੂੰ ਪਿਆਰ ਦਾ ਸੰਦੇਸ਼ ਦੇਣ ਵਾਲਾ ਰਾਜ ਸਥਾਪਤ ਕਰਨਾ ਚਾਹਿਆ ਸੀ ਪਰ ਸਮੇਂ ਦੇ ਸ਼ਾਸ਼ਕਾਂ ਨੂੰ ਇਹ ਸੱਚ ਮੰਜੂਰ ਨਹੀਂ ਸੀ ਤੇ ਉਨ੍ਹਾਂ ਜੋ ਰੱਬ ਅਤੇ ਧਰਮ ਦਾ ਸੰਕਲਪ ਪ੍ਰਚਾਰਿਆ ਓਹ ਪ੍ਰੋਹਤਾਂ ਅਤੇ ਸੱਤਾਧਾਰੀਆ ਦਾ ਹੱਕ ਪੂਰਦਾ ਹੈ। ਆਪਣੇ ਇਨ੍ਹਾਂ ਪ੍ਰਗਤੀਸ਼ੀਲ ਤੇ ਮਾਨਵਤਾ ਵਾਦੀ ਵਿਚਾਰਾਂ ਖਾਤਰ ਲਿਓ ਤਾਲਸਤਾਏ ਨੂੰ ਸਮੇਂ ਦੇ ਸਰਕਾਰੀ ਤੰਤਰ ਦੀ ਕਰੋਪੀ ਦਾ ਸਾਮ੍ਹਣਾ ਵੀ ਕਰਨਾ ਪਿਆ। ਅੱਜ ਵੀ ਸਾਡੇ ਸ਼ਾਸ਼ਕ ਰੱਬ ਅਤੇ ਧਰਮ ਦਾ ਬਖੂਬੀ ਇਸਤੇਮਾਲ ਕਰਕੇ ਆਮ ਲੋਕਾਂ ਨੂੰ ਇਸ ਤਰ੍ਹਾਂ ਗੁਮਰਾਹ ਕਰ ਰਹੇ ਹਨ ਕਿ ਓਹ ਆਪਣੀਆਂ ਮੁਸੀਬਤਾਂ ਵਿਚੋਂ ਨਿਕਲਣ ਦਾ ਰਾਹ ਤਲਾਸ਼ਣ 'ਚ ਅਸਮਰਥ ਰਹਿ ਕੇ ਸੱਤਾਧਾਰੀਆਂ ਦੇ ਸ਼ੋਸ਼ਣ ਦਾ ਸ਼ਿਕਾਰ ਬਣੇ ਰਹਿੰਦੇ ਹਨ। ਚਿੰਤਕ ਫਰਾਂਸਿਸਕੋ ਫੇਰਾਰ ਅਨੁਸਾਰ 'ਜਦੋਂ ਇਨਸਾਨ ਨੂੰ ਆਪਣੇ ਆਪ ਨੂੰ ਸੰਭਾਲਣ ਦੀ ਸੂਝ ਆ ਗਈ, ਧਰਮ ਦੀ ਲੋੜ ਆਪਣੇ ਆਪ ਖਤਮ ਹੋ ਜਾਵੇਗੀ'। ਸ਼ਾਇਦ ਇਹੀ ਕਾਰਣ ਹੈ ਕਿ ਰੱਬ ਅਤੇ ਇਸ ਦੇ ਜੋੜੀਦਾਰ ਧਰਮ ਨਾਲ ਨੱਕੋਨੱਕ ਭਰਿਆ ਸਾਡਾ ਭਾਰਤ ਭ੍ਰਿਸ਼ਟਾਚਾਰ ਦੀ ਮਾਰ ਤੋਂ ਬਚ ਨਹੀਂ ਸਕਿਆ 'ਤੇ ਅਸੀਂ ਬੇਹਤਰ ਜਿੰਦਗੀ ਦੀ ਆਸ ਵਿੱਚ ਉਨ੍ਹਾਂ ਪ੍ਰਦੇਸਾਂ ਵੱਲ ਹਿਜਰਤ ਕਰਨ ਲਈ ਮਜਬੂਰ ਹੋਏ ਜਿੱਥੇ ਰੱਬ ਨਾਲੋਂ ਇਨਸਾਨੀਅਤ ਨੂੰ ਵੱਧ ਤਰਜੀਹ ਦਿੱਤੀ ਜਾਂਦੀ ਹੈ। ਆਸ ਕੀਤੀ ਜਾਂਦੀ ਹੈ ਕਿ ਭਵਿਸ਼ 'ਚ ਸਾਡੀਆਂ ਅਗਲੀਆਂ ਨਸਲਾਂ ਇਸ ਸਚਾਈ ਨਾਲ ਰੂਬਰੂ ਹੋ ਇਨਸਾਨੀਅਤ ਤੋਂ ਬੇਮੁਖ ਹੋ ਰਹੇ ਧਰਮਾਂ ਦਾ ਪੱਲਾ ਛੱਡ ਤਰਕਸ਼ੀਲ ਵਿਗਿਆਨਕ ਸੋਚ ਦੀਆਂ ਅਲੰਬਰਦਾਰ ਬਨਣਗੀਆਂ।

## ਹਲਕਾ ਫੁਲਕਾ

ਵਿਗਿਆਨ ਦਾ ਅਧਿਆਪਕ (ਵਿਦਿਆਰਥੀ ਨੂੰ), "ਜਦੋਂ ਪਾਣੀ ਜੰਮ ਕੇ ਬਰਫ ਬਣ ਜਾਂਦਾ ਹੈ ਤਾਂ ਉਸ ਵਿੱਚ ਕੀ ਤਬਦੀਲੀ ਆਉਂਦੀ ਹੈ?"
ਵਿਦਿਆਰਥੀ, "ਕੁਝ ਨਹੀਂ ਸਰ, ਜ਼ਰਾ ਕੀਮਤ ਬਦਲ ਜਾਂਦੀ ਹੈ।"
ਅਧਿਆਪਕ, "ਕੀਮਤ ਬਦਲ ਜਾਂਦੀ ਹੈ, ਉਹ ਕਿਵੇਂ?"
ਵਿਦਿਆਰਥੀ, "ਸਰ, ਬਰਫ ਪਾਣੀ ਨਾਲੋਂ ਜ਼ਿਆਦਾ ਮਹਿੰਗੀ ਵਿਕਦੀ ਹੈ।"

*********

ਪੱਪੂ ਪਾਰਟੀ ਤੋਂ ਦੇਰ ਰਾਤ ਘਰ ਆਇਆ।
ਅਗਲੇ ਦਿਨ ਦੋਸਤਾਂ ਨੇ ਪੁੱਛਿਆ, "ਪਤਨੀ ਨੇ ਕੁਝ ਕਿਹਾ ਤਾਂ ਨਹੀਂ?"
ਪੱਪੂ, "ਨਹੀਂ ਨਹੀਂ, ਇਹ ਦੋ ਦੰਦ ਤਾਂ ਮੈਂ ਉਂਝ ਵੀ ਕਢਵਾਉਣੇ ਸਨ।"

*********

ਰਮਨ (ਚਮਨ ਨੂੰ), "ਅੱਜਕੱਲ੍ਹ ਦੇ ਵਿਆਹ-ਸ਼ਾਦੀਆਂ ਵਿੱਚ ਚਾਰ ਤਰ੍ਹਾਂ ਦੇ ਲੋਕ ਆਉਂਦੇ ਹਨ।"
ਚਮਨ, "ਚਾਰ ਤਰ੍ਹਾਂ ਦੇ ਲੋਕ? ਮੈਂ ਸਮਝਿਆ ਨਹੀਂ।"
ਰਮਨ, "ਕੁੜੀ ਵਾਲੇ, ਮੁੰਡੇ ਵਾਲੇ, ਖਾਣਾ ਖਾਣ ਵਾਲੇ ਅਤੇ ਸੈਲਫੀ ਲੈਣ ਵਾਲੇ। ਹੋਏ ਨਾ ਚਾਰ ਤਰ੍ਹਾਂ ਦੇ ਲੋਕ।"

# ਪੰਜਾਬੀ ਅਤੇ ਹਿੰਦੀ ਲਈ ਹੇਜ ਦਾ ਸੱਚ

–ਅਵਤਾਰ ਸਿੰਘ (ਪ੍ਰੋ.)

ਸ਼ਾਇਦ ਝਗੜਾ ਜੀਵ ਦੀ ਮੁੱਢਲੀ ਪ੍ਰਕਿਰਤੀ ਹੋਵੇ। ਪਸ਼ੂ ਪੰਛੀ ਅਤੇ ਕੀੜੇ ਮਕੌੜੇ ਸਭ ਲੜਦੇ ਹਨ। ਝੱਖੜ ਝੁਲਦੇ ਹਨ ਤਾਂ ਵਨਸਪਤੀ ਖਹਿੰਦੀ ਹੈ। ਪਾਣੀਆਂ ਦੇ ਝਗੜੇ ਨੂੰ ਜਿਵੇਂ ਹੜ੍ਹ ਕਹਿੰਦੇ ਹੋਈਏ, ਜ਼ਮੀਨੀ ਝਗੜੇ ਦਾ ਨਾਂ ਭੁਚਾਲ ਹੋਵੇ ਅਤੇ ਕਾਇਨਾਤ ਦੇ ਭੇੜ ਦਾ ਨਾਂ ਪਰਲੋ। ਝਗੜਾਲੂ ਬਿਰਤੀ ਨੂੰ ਜਾਂਗਲੀ ਬਿਰਤੀ ਮੰਨਿਆ ਜਾਂਦਾ ਹੈ ਤੇ ਝਗੜੇ ਤੋਂ ਪਰਹੇਜ਼ ਕਰਨ ਵਾਲੇ ਨੂੰ ਸੱਭਿਅਕ ਸਮਝਿਆ ਜਾਂਦਾ ਹੈ। ਕੁਝ ਵੀ ਹੋਵੇ, ਝਗੜਾ ਵਿਨਾਸ਼ ਦਾ ਮੂਲ ਹੈ। ਇਹ ਵੀ ਸੱਚ ਹੈ ਕਿ ਵਿਨਾਸ਼ ਬਿਨਾਂ ਨਵੀਂ ਉਤਪਤੀ ਸੰਭਵ ਨਹੀਂ ਹੁੰਦੀ। ਕਈ ਬਾਰ ਪਸਰਿਓ ਪਾਸਾਰ॥

ਜਿਵੇਂ ਸਾਂਖ ਸ਼ਾਸਤਰ ਵਿੱਚ ਪੁਰਸ਼ ਅਤੇ ਪ੍ਰਕਿਰਤੀ ਦਾ ਜੋੜਾ ਹੈ, ਇਵੇਂ ਹੀ ਪ੍ਰਕਿਰਤੀ ਅਤੇ ਸੱਭਿਆਚਾਰ ਦਾ ਜੋੜਾ ਹੈ। ਪੁਰਸ਼ ਪਰਮਾਤਮਾ ਨੂੰ ਕਹਿੰਦੇ ਹਨ, ਜੋ ਨਿਰਾਕਾਰ ਹੈ, ਜਿਸ ਦਾ ਜਾਗ੍ਰਿਤ ਰੂਪ ਪ੍ਰਕਿਰਤੀ ਹੈ, ਜਿਸ ਨੂੰ ਮਨੁੱਖ ਆਪਣੇ ਤਕਾਜ਼ੇ ਮੁਤਾਬਕ ਜਦੋਂ ਢਾਲ ਲੈਂਦਾ ਹੈ ਤਾਂ ਉਹੀ ਪ੍ਰਕਿਰਤੀ ਸੰਸਕ੍ਰਿਤੀ ਦਾ ਰੂਪ ਵਟਾ ਲੈਂਦੀ ਹੈ। ਆਰੀਆ ਲੋਕ ਇਥੇ ਆਏ ਤਾਂ ਮੂਲ ਵਾਸੀਆਂ ਨਾਲ ਮੇਲ ਅਤੇ ਭਿੜਨ ਉਪਰੰਤ ਉਨ੍ਹਾਂ ਦੀ ਭਾਸ਼ਾ ਵਿੱਚ ਤਬਦੀਲੀ ਆਉਣੀ ਕੁਦਰਤੀ ਸੀ। ਪਾਨਣੀ ਦੀ ਪ੍ਰਧਾਨਗੀ ਹੇਠ ਪੰਡਤਾਂ ਨੇ ਕਠਿਨ ਜੱਦੋ ਜਹਿਦ ਕਰਕੇ ਉਸ ਪ੍ਰਕਿਰਤਕ ਭਾਸ਼ਾ ਨੂੰ ਸੋਧ ਕੇ ਗੈਰਕੁਦਰਤੀ ਰੂਪ ਦੇ ਦਿੱਤਾ, ਜਿਸ ਨੂੰ ਉਨ੍ਹਾਂ ਨੇ ਸੰਸਕ੍ਰਿਤ ਦਾ ਨਾਂ ਦੇ ਦਿੱਤਾ। ਉਹ ਇੰਨੀ ਅਪ੍ਰਕਿਰਤਕ ਸੀ, ਜੋ ਕਦੇ ਵੀ ਕਿਸੇ ਦੀ ਮਾਤ ਭਾਸ਼ਾ ਨਹੀਂ ਸੀ। ਭਾਰਤ ਦਾ ਕੋਈ ਵੀ ਖਿੱਤਾ ਅਜਿਹਾ ਨਹੀਂ, ਜਿਥੋਂ ਦੇ ਲੋਕ ਕੁਦਰਤੀ ਰੂਪ ਵਿੱਚ ਕਦੇ ਸੰਸਕ੍ਰਿਤ ਬੋਲਦੇ ਹੋਣਗੇ।

ਵਿਦੇਸ਼ੀ ਹਮਲਾਵਰਾਂ ਕਾਰਨ ਇਕ ਵਾਰ ਫਿਰ ਭਾਰਤੀ ਲੋਕਾਂ ਦੀ ਬੋਲੀ ਵਿੱਚ ਤਬਦੀਲੀ ਹੋਈ। ਵਿਦੇਸ਼ੀ ਮੇਲ ਜੋਲ ਕਾਰਨ ਅਰਬੀ ਤੇ ਫਾਰਸੀ ਦੀ ਸ਼ਬਦਾਵਲੀ ਸਾਡੀਆਂ ਕੁਦਰਤੀ ਬੋਲੀਆਂ ਦੇ ਨਾਲ ਵੀ ਰਲ-ਗੱਡ ਹੋਣ ਲੱਗੀ। ਅਕਬਰ ਦੇ ਸੁਲਹ-ਕੁਲ ਰਵੱਈਏ ਕਾਰਨ ਭਗਤੀ ਲਹਿਰ ਦੇ ਪ੍ਰੇਮ-ਭਾਵ ਤੇ ਗੁਰੂ ਸਾਹਿਬਾਨ ਦੀ ਸਾਂਝੀਵਾਲਤਾ ਭਰਪੂਰ ਮਿਲਵਰਤਨ ਲਹਿਰ ਸਦਕਾ ਭਾਰਤ ਵਿੱਚ ਇਕ ਸਾਂਝੀ ਭਾਸ਼ਾ ਨੇ ਜਨਮ ਲਿਆ, ਜਿਸ ਨੂੰ ਖੜੀ ਬੋਲੀ ਦਾ ਨਾਂ ਦਿੱਤਾ ਗਿਆ। ਵਿਦਵਾਨਾਂ ਨੇ ਅਜਿਹੇ ਗ੍ਰੰਥ ਰਚਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿੱਚ ਅਰਬੀ ਫਾਰਸੀ ਦੀ ਸ਼ਬਦਾਵਲੀ ਸਜਣ ਅਤੇ ਫੱਬਣ ਲੱਗ ਪਈ। ਦਸਮੇਸ਼ ਪਿਤਾ ਨੇ ਸੰਸਕ੍ਰਿਤ ਅਤੇ ਅਰਬੀ ਫਾਰਸੀ ਦੇ ਨਵੇਂ ਸਮਾਸ ਬਣਾਏ ਅਤੇ ਬਾਣੀ ਵਿੱਚ ਪ੍ਰਯੋਗ ਕੀਤੇ।

ਖੜ੍ਹੀ ਬੋਲੀ ਦਾ ਭਾਵ ਸਪੱਸ਼ਟ ਤੇ ਚੁਸਤ ਦਰੁਸਤ ਭਾਸ਼ਾ ਸਮਝਣਾ ਚਾਹੀਦਾ ਹੈ, ਜਿਸ ਵਿੱਚ ਕਾਵਿਕ ਮੁਗਾਲਤੇ ਦੀ ਗੁੰਜਾਇਸ਼ ਰੱਦ ਹੋ ਗਈ ਹੋਵੇ। ਅਜਿਹੀ ਭਾਸ਼ਾ ਵਾਰਤਕ ਲਈ ਬੜੀ ਗੁਣਕਾਰੀ ਸਮਝੀ ਜਾਂਦੀ ਹੈ ਤੇ ਆਮ ਗੱਲਬਾਤ ਵਿੱਚ ਵੀ ਬੜੀ ਸਹਾਈ ਹੁੰਦੀ ਹੈ। ਅੱਜ ਵੀ ਫਾਰਸੀ ਸ਼ਬਦਾਵਲੀ ਦੀ ਮਿਲਤਰ ਨਾਲ ਪੰਜਾਬੀ ਭਾਸ਼ਾ ਵਧੇਰੇ ਪ੍ਰਭਾਵਸ਼ਾਲੀ ਪ੍ਰਤੀਤ ਹੁੰਦੀ ਹੈ। ਅੰਗਰੇਜ਼ਾਂ ਦੇ ਆਉਣ ਸਮੇਂ ਖੜੀ ਬੋਲੀ ਹਿੰਦੁਸਤਾਨ ਵਿੱਚ ਚੱਲਦੀ ਸੀ। ਸ਼ਾਇਦ ਇਸੇ ਕਾਰਨ ਇਸ ਬੋਲੀ ਨੂੰ ਹਿੰਦੁਸਤਾਨੀ ਕਿਹਾ ਜਾਣ ਲੱਗ ਪਿਆ ਹੋਵੇ। ਅੰਗਰੇਜ਼ਾਂ ਦੇ ਵਰਤੋਂ ਵਿਹਾਰ ਦਾ ਅੰਤਰੀਵ ਪ੍ਰਯੋਜਨ ਵਿਸ਼ਲੇਸ਼ਣੀ ਸੀ। ਇਸੇ ਲਈ ਲਾਲਾ ਹਰਦਿਆਲ ਨੇ ਅੰਗਰੇਜ਼ਾਂ ਦੀ ਵਿਦੇਸ਼ ਨੀਤੀ ਨੂੰ 'ਪਾੜੋ ਤੇ ਰਾਜ ਕਰੋ' ਲਿਖ ਕੇ ਗੱਲ ਮੁਕਾ ਦਿੱਤੀ। ਅੰਗਰੇਜ਼ ਭਾਰਤੀ ਲੋਕਾਂ ਦੇ ਆਪਸੀ ਵਖਰੇਵਿਆਂ ਨੂੰ ਪੱਕੇ ਕਰਨ ਵਿੱਚ ਲੱਗੇ ਰਹਿੰਦੇ ਸਨ। ਪੰਜਾਬ ਯੂਨੀਵਰਸਿਟੀ ਵਿੱਚ ਪੰਜਾਬੀ, ਉਰਦੂ ਅਤੇ ਹਿੰਦੀ ਨੂੰ ਸ਼ਾਮਲ ਕਰਨ ਸਮੇਂ ਅੰਗਰੇਜ਼ਾਂ ਨੇ ਪੰਜਾਬੀ ਲਈ ਸਿੱਖ, ਉਰਦੂ ਲਈ ਮੁਸਲਮਾਨ ਅਤੇ ਹਿੰਦੀ ਲਈ ਹਿੰਦੂ ਪ੍ਰੋਫੈਸਰ ਭਰਤੀ ਕੀਤੇ ਸਨ। ਡਾ. ਮੋਹਣ ਸਿੰਘ ਦੀਵਾਨਾ ਉਰਦੂ ਵਿੱਚ ਪੀ ਐਚ ਡੀ ਸਨ, ਪਰ ਉਨ੍ਹਾਂ ਨੂੰ ਉਰਦੂ ਦੀ ਥਾਂ ਗੁਰਮੁਖੀ ਵਿਭਾਗ ਵਿੱਚ ਰੱਖਿਆ ਗਿਆ। ਪੰਜਾਬੀ ਵਿਭਾਗ ਦਾ ਮੁੱਢਲਾ ਨਾਂ ਗੁਰਮੁਖੀ ਵਿਭਾਗ ਸੀ। ਅੰਗਰੇਜ਼ਾਂ ਨੇ ਫੌਜ ਵਿੱਚ ਵੀ ਇਹ ਵਖਰੇਵੇਂ ਸਿਰਫ ਕਾਇਮ ਨਹੀਂ ਰੱਖੇ, ਬਲਕਿ ਮਜ਼ਬੂਤ ਕੀਤੇ।

ਆਪਣੇ ਅੰਗਰੇਜ਼ ਉਸਤਾਦ ਡਾ. ਗਿੱਲਕ੍ਰਾਈਸਟ ਦੀ ਪ੍ਰੇਰਨਾ ਹੇਠ ਪ੍ਰੋ. ਲੱਲੂ ਲਾਲ ਨੇ ਕਲਕੱਤੇ ਦੇ ਫੋਰਟ ਵਿਲੀਅਮ ਕਾਲਜ ਵਿਖੇ 1804 ਈਸਵੀ ਦੇ ਕਰੀਬ ਖੜੀ ਬੋਲੀ ਤੋਂ ਅਰਬੀ ਫਾਰਸੀ ਦੀ ਸ਼ਬਦਾਵਲੀ ਨੂੰ ਖਾਰਜ ਕਰਕੇ 'ਪ੍ਰੇਮਸਾਗਰ' ਗ੍ਰੰਥ ਦੀ ਰਚਨਾ ਕੀਤੀ। ਅਸਲ ਵਿੱਚ ਇਹ ਆਧੁਨਿਕ ਤੇ ਸਾਹਿਤਕ ਹਿੰਦੀ ਦਾ ਪਹਿਲਾ ਗ੍ਰੰਥ ਸੀ। ਏਦਾਂ ਅਪ੍ਰਕਿਰਤਕ ਭਾਸ਼ਾ ਦੀ ਰਚਨਾ ਹੋਈ, ਜਿਸ ਨੂੰ ਹਿੰਦੂ ਸਮਾਜ ਦੇ ਵੱਡੇ ਹਿੱਸੇ ਨੇ ਬੜੇ ਹੇਜ ਨਾਲ ਸਵੀਕਾਰ ਕਰਕੇ ਗਲੇ ਲਾ ਲਿਆ। ਇਸ ਦੇ ਵਿਰੋਧ ਵਿੱਚ ਮੁਸਲਿਮ ਵਿਦਵਾਨਾਂ ਨੇ ਖੜੀ ਬੋਲੀ ਤੋਂ ਸੰਸਕ੍ਰਿਤ ਦੇ ਸ਼ਬਦ ਖਾਰਜ ਕਰਨੇ ਆਰੰਭ ਕਰ ਦਿੱਤੇ ਅਤੇ ਇਸ ਤਰ੍ਹਾਂ ਅਰਬੀ ਫਾਰਸੀ ਦੀ ਸ਼ਬਦਾਵਲੀ ਦੀ ਭਰਪੂਰਤਾ ਵਾਲੀ ਇਕ ਹੋਰ ਅਪ੍ਰਕਿਰਤਕ ਭਾਸ਼ਾ ਉਰਦੂ ਦਾ ਆਗਾਜ਼ ਹੋਇਆ।

ਹਿੰਦੂ ਸਮਾਜ ਵਿੱਚ ਦੋ ਸੱਭਿਆਚਾਰਕ ਵਿਚਾਰਧਾਰਾਵਾਂ ਮੁੱਢੋਂ ਚਲੀਆਂ ਆਈਆਂ, ਅਦਵੈਤਵਾਦੀ ਸਗਲੀ ਖਲਕਤ ਨੂੰ ਬ੍ਰਹਮ-ਸਰੂਪ ਅਤੇ ਸਮਾਨ ਮੰਨਦੇ ਹਨ ਅਤੇ ਦਵੈਤਵਾਦੀ ਲੋਕ ਬ੍ਰਹਮ ਅਤੇ ਜੀਵ ਵਿੱਚ ਭਿੰਨਤਾ, ਊਚ ਨੀਚ ਅਤੇ ਵੱਖਵਾਦ ਵਿੱਚ ਵਿਸ਼ਵਾਸ ਰੱਖਦੇ ਹਨ। ਇਸੇ ਤਰ੍ਹਾਂ ਇਸਲਾਮ ਵਿੱਚ ਵੀ ਵਾਹਿਦਤੁਲਵਜੂਦ ਵਾਲੇ ਲੋਕ ਕਾਦਰ ਤੇ ਕੁਦਰਤ ਨੂੰ ਸਮਰੂਪ ਅਨੁਮਾਨਦੇ ਹਨ ਅਤੇ ਵਾਹਿਦਤੁਲਸ਼ਹੂਦ ਵਾਲੇ ਕਾਦਰ ਅਤੇ ਕੁਦਰਤ ਵਿੱਚ ਫਰਕ ਮੰਨਦੇ ਹਨ। ਦੋਵਾਂ ਸਮਾਜਾਂ ਵਿੱਚ ਰਾਜਸੀ ਚੜ੍ਹਤ ਹਮੇਸ਼ਾ ਊਚ ਨੀਚ ਤੇ ਵੱਖਵਾਦ ਨੂੰ ਮੰਨਣ ਵਾਲਿਆਂ ਦੀ ਰਹੀ ਹੈ। ਇਸ ਲਈ ਹਿੰਦੂ ਅਤੇ ਇਸਲਾਮੀ ਧਰਮ ਵਿੱਚ ਵਿਪਰੀਤ ਵਿਚਾਰਧਾਰਾਈ ਸੰਪਰਦਾਵਾਂ ਵਿੱਚ ਸਮਾਨਤਾ ਜਾਂ ਸੁਮੇਲ ਦੀ ਚੇਸ਼ਟਾ ਰੱਖਣ ਵਾਲਿਆਂ ਨੂੰ ਘ੍ਰਿਣਾ ਦੇ ਪਾਤਰ ਮੰਨਿਆ ਜਾਂਦਾ ਰਿਹਾ ਹੈ। ਸੁਲਹਕੁਲ ਤੇ ਸਾਂਝੀਵਾਲਤਾ ਵਾਲੇ ਲੋਕ ਹਮੇਸ਼ਾ ਬੇਅਸਰ ਜਿਹੇ ਰਹੇ ਹਨ। ਹਿੰਦੀ ਅਤੇ ਉਰਦੂ ਦਾ ਵਿਆਕਰਨ ਇਕੋ ਹੈ, ਸਿਰਫ ਸ਼ਬਦਾਵਲੀ ਵੱਖਰੀ ਹੈ।





ਭਾਰਤ ਵਾਲੇ ਦਿੱਲੀ ਤੋਂ ਹਿੰਦੀ ਨੂੰ ਉਤਸ਼ਾਹਿਤ ਕਰ ਰਹੇ ਹਨ ਤੇ ਪਾਕਿਸਤਾਨੀ ਉਰਦੂ ਭਾਸ਼ਾ ਨੂੰ। ਹਿੰਦੀ ਤੇ ਉਰਦੂ ਦਰਮਿਆਨ ਪੰਜਾਬੀ ਅਜਿਹੀ ਭਾਸ਼ਾ ਹੈ, ਜਿਸ ਨੂੰ 'ਹਿੰਦੂ ਤੁਰਕ ਕੀ ਕਾਣ' ਮੇਟਣ ਲਈ ਸਾਂਝੀਵਾਲਤਾ ਦੀ ਗੁੜ੍ਹਤੀ ਧੁਰੋਂ ਮਿਲੀ ਹੋਈ ਹੈ। ਪੰਜਾਬੀ ਭਾਸ਼ਾ ਸੰਸਕ੍ਰਿਤ ਤੇ ਅਰਬੀ ਫਾਰਸੀ ਦਾ ਸੰਗਮ ਹੈ। ਰਾਜਸੀ ਹਿੰਦੂ ਸਮਾਜ ਇਸ ਪਵਿੱਤਰ ਸੰਗਮ ਨੂੰ ਵਿਰੋਧ ਦੀ ਨਜ਼ਰ ਨਾਲ ਦੇਖਦਾ ਹੈ। ਉਹ ਭੁੱਲ ਜਾਂਦਾ ਹੈ ਕਿ ਪਰਾਗ ਵਿਖੇ ਸਿਤਾ ਅਸਿਤਾ, ਕਾਲੀ ਅਤੇ ਚਿੱਟੀ ਨਦੀ ਦਾ ਸੰਗਮ ਭਾਰਤ ਦਾ ਮਹਾਨ ਤੀਰਥ ਸਥਾਨ ਹੈ। ਅੱਜ ਵੀ ਪੰਜਾਬੀ ਵਿੱਚ ਵਿਪਰੀਤ ਭਾਸ਼ਾਵਾਂ ਦੇ ਸਮਾਸਾਂ ਦੀ ਭਰਮਾਰ ਹੈ। ਇਹ ਪੰਜਾਬੀ ਦਾ ਹੁਸੀਨ ਖਾਸਾ ਹੈ, ਇਸ ਦੇ ਬਿਨਾਂ ਕੋਈ ਭਾਸ਼ਾ ਸੰਕੀਰਨਤਾ ਤੇ ਸਾੜੇ ਦੀ ਭੱਠੀ ਵਿੱਚ ਰਿੱਝਣ ਜੋਗੀ ਰਹਿ ਜਾਂਦੀ ਹੈ। ਜੇ ਭਾਰਤ ਨੇ ਜਲੌਅ ਨਾਲ ਜੀਣਾ ਹੈ ਤਾਂ ਉਸ ਨੂੰ ਅਪ੍ਰਕਿਰਤਕ ਹਿੰਦੀ ਦੀ ਥਾਂ ਤਕੜੇ ਹਾਜ਼ਮੇ ਤੇ ਸਾਂਝੀਵਾਲਤਾ ਦੀ ਤਸੀਰ ਵਾਲੀ ਭਾਸ਼ਾ ਅਪਣਾਉਣੀ ਪਵੇਗੀ। ਹਿੰਦੁਸਤਾਨ ਦੀ ਅਖੰਡਤਾ ਨੂੰ ਸਭ ਤੋਂ ਵਧੇਰੇ ਖਤਰਾ ਗਿੱਲਕ੍ਰਾਈਸਟ ਦੇ ਪ੍ਰਭਾਵ ਅਤੇ ਪ੍ਰੋ. ਲੱਲੂ ਲਾਲ ਦੀ ਸੰਕੀਰਣਤਾ ਤੋਂ ਹੈ। ਮੋਕਲੀ ਸੋਚ ਤੇ ਵਿਹਾਰ ਜ਼ਮਾਨੇ ਨੂੰ ਅੱਗੇ ਤੋਰਦੇ ਹਨ ਤੇ ਸਾਂਝੇ ਮਾਹੌਲ ਦੀ ਸਿਰਜਣਾ ਕਰਦੇ ਹਨ। ਤੰਗ ਨਜ਼ਰ ਜ਼ਮਾਨੇ ਨੂੰ ਖੁਆਰੀ ਦੇ ਖੂਹ ਵੱਲ ਲੈ ਜਾਂਦੀ ਹੈ ਤੇ ਖੁਦਕੁਸ਼ੀ ਦਾ ਕਾਰਨ ਬਣਦੀ ਹੈ।

ਪੰਜਾਬੀਆਂ ਨੂੰ ਕੁਦਰਤ ਦੇ ਇਸ ਨੇਮ ਤੋਂ ਜਾਣੂੰ ਹੋਣਾ ਚਾਹੀਦਾ ਹੈ ਕਿ ਜੇ ਅਸੀਂ ਪੰਜਾਬੀ ਨੂੰ ਚੰਦ ਜ਼ਿਲਿਆਂ ਤੱਕ ਸੀਮਤ ਕਰਾਂਗੇ ਤਾਂ ਸਾਡੀ ਭਾਸ਼ਾ ਵੀ ਸਾਹ ਘੋਟੂ ਜਿਹੀ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਕੇ ਦਮ ਤੋੜ ਦੇਵੇਗੀ। ਦਿਲਾਂ ਦੇ ਬੰਦ ਦਰਵਾਜ਼ੇ ਝਗੜਿਆਂ ਨੂੰ ਹੀ ਜਨਮ ਦਿੰਦੇ ਹਨ।

ਆਧੁਨਿਕ ਭਾਰਤੀ ਭਾਸ਼ਾਵਾਂ ਸੰਸਕ੍ਰਿਤ ਨੂੰ ਅਲਵਿਦਾ ਆਖ ਕੇ ਅੱਗੇ ਵਧੀਆਂ, ਜਿਨ੍ਹਾਂ ਨੂੰ ਕਬੀਰ ਸਾਹਿਬ ਨੇ ਨਦੀਆਂ ਦੇ ਵਗਦੇ ਹੋਏ ਨਿਰਮਲ ਜਲ ਦਾ ਨਾਮ ਦਿੱਤਾ ਅਤੇ ਸੰਸਕ੍ਰਿਤ ਨੂੰ 'ਕੂਪ ਜਲ' ਅਰਥਾਤ 'ਖੂਹ ਦਾ ਪਾਣੀ' ਆਖਿਆ। ਸੱਚ ਇਹ ਹੈ ਕਿ ਹਿੰਦੀ ਦਾ ਮੁੱਖ ਅੱਜ ਵੀ ਸੰਸਕ੍ਰਿਤ ਵੱਲ ਹੈ, ਜਦੋਂ ਕਿ ਬਾਕੀ ਸਾਰੀਆਂ ਆਧੁਨਿਕ ਅਤੇ ਕੁਦਰਤੀ ਭਾਰਤੀ ਭਾਸ਼ਾਵਾਂ ਦਾ ਰੁਖ ਸਾਂਝੀਵਾਲਤਾ ਹੈ। ਸੰਸਕ੍ਰਿਤ ਅਤੇ ਹਿੰਦੀ ਕਦੀ ਵੀ ਅਤੇ ਕਿਸੇ ਵੀ ਖੇਤਰ ਦੇ ਲੋਕਾਂ ਦੀਆਂ ਆਮ ਬੋਲਚਾਲ ਦੀਆਂ ਭਾਸ਼ਾਵਾਂ ਨਹੀਂ ਰਹੀਆਂ। ਹਿੰਦੀ ਦੀ ਨਿਸਬਤ ਪੰਜਾਬੀ ਭਾਸ਼ਾ ਦਾ ਖੇਤਰ ਵਿਸ਼ਾਲ ਹੈ, ਜਿਸ ਦਾ ਜ਼ਿਕਰ ਲਾਲ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਪੰਜਾਬ' ਵਿੱਚ ਇਸ ਤਰ੍ਹਾਂ ਕੀਤਾ ਹੈ:

ਸ਼ਿਮਲਾ, ਡਲਹੌਜੀ, ਮਰੀ ਤਿਰੇ,
ਕਸ਼ਮੀਰ ਤਿਰਾ, ਗੁਲਮਰਗ ਤਿਰਾ,
ਦਿਲੀ ਤੇਰੀ, ਲਾਹੌਰ ਤਿਰਾ,
ਅੰਮ੍ਰਿਤਸਰ ਸੋਹੇ ਸਵਰਗ ਤਿਰਾ।

ਭਾਸ਼ਾ ਵਿਗਿਆਨੀ ਡਾ. ਹਰਕੀਰਤ ਸਿੰਘ ਨੇ ਪੰਜਾਬੀ ਦੀਆਂ ਕੁਦਰਤਨ ਉਪ ਭਾਸ਼ਾਵਾਂ ਦੀ ਸੁਚੱਜੀ ਨਿਸ਼ਾਨਦੇਹੀ ਕੀਤੀ ਹੈ। ਡਾ. ਸਾਹਿਬ ਨੇ ਆਪਣੀ ਪੁਸਤਕ 'ਸਾਡੀ ਭਾਸ਼ਾ' ਵਿੱਚ ਉਪ ਭਾਸ਼ਾ ਤੇ ਉਪ ਬੋਲੀ ਵਿੱਚ ਫਰਕ ਕੀਤਾ। ਉਨ੍ਹਾਂ ਨੇ ਉਪ ਭਾਸ਼ਾ ਲਈ 'ਡਾਇਲੈਕਟ' ਅਤੇ ਉਪ ਬੋਲੀ ਲਈ 'ਸਬਡਾਇਲੈਕਟ' ਸ਼ਬਦ ਵਰਤਿਆ। ਲਿਹਾਜ਼ਾ ਉਨ੍ਹਾਂ ਨੇ ਪੰਜਾਬੀ ਦੀਆਂ ਤਿੰਨ ਉਪ ਭਾਸ਼ਾਵਾਂ ਅਤੇ ਦਸ ਉਪ ਬੋਲੀਆਂ ਮੰਨੀਆਂ ਹਨ, ਪੂਰਬੀ ਪੰਜਾਬੀ, ਜਿਸ ਦੀਆਂ ਉਪ ਬੋਲੀਆਂ ਮਾਝੀ, ਮਲਵਈ ਤੇ ਪੁਆਧੀ ਹਨ। ਲਹਿੰਦੀ ਪੰਜਾਬੀ, ਜਿਸ ਦੀਆਂ ਉਪ ਬੋਲੀਆਂ ਮੁਲਤਾਨੀ, ਪੋਠੋਹਾਰੀ ਤੇ ਹਿੰਦਕੋ ਹਨ। ਡੋਗਰੀ ਪੰਜਾਬੀ, ਜਿਸ ਦੀਆਂ ਉਪ ਬੋਲੀਆਂ ਕਾਂਗੜੀ, ਭਟਿਆਲੀ, ਜੰਮੂਆਲੀ ਤੇ ਪੁਣਛੀ ਹਨ।

ਇਸ ਤੋਂ ਵੀ ਅੱਗੇ 'ਈਡੀਓਲੈਕਟ' ਹੁੰਦੀ ਹੈ ਜੋ ਹਰ ਵਿਅਕਤੀ ਦੀ ਅਲਹਿਦਾ ਹੁੰਦੀ ਹੈ, ਜਿਨ੍ਹਾਂ ਦੀ ਗਿਣਤੀ ਕਿਸੇ ਤਰ੍ਹਾਂ ਵੀ ਸੰਭਵ ਨਹੀਂ। ਇਕੋ ਘਰ ਵਿੱਚ ਰਹਿਣ ਵਾਲੇ ਜੀਆਂ ਦੇ ਉਚਾਰਣ ਅਲੱਗ ਹੁੰਦੇ ਹਨ। ਇਥੋਂ ਤੱਕ ਕਿ ਇਕੋ ਮਨੁੱਖ ਦੀ ਜ਼ਿੰਦਗੀ ਦੇ ਪੜਾਵਾਂ ਦੇ ਉਚਾਰਣ ਬਦਲਦੇ ਰਹਿੰਦੇ ਹਨ। ਕੋਈ ਵਿਅਕਤੀ ਕਿਸੇ ਸ਼ਬਦ ਨੂੰ ਬਚਪਨ ਵਿੱਚ ਹੋਰ ਤਰ੍ਹਾਂ ਉਚਾਰਦਾ ਹੈ, ਜੁਆਨੀ ਵਿੱਚ ਹੋਰ ਤਰ੍ਹਾਂ ਤੇ ਅਧਖੜ ਉਮਰ 'ਚ ਹੋਰ ਤੇ ਬੁਢੇਪੇ 'ਚ ਹੋਰ ਤਰ੍ਹਾਂ। ਭਾਸ਼ਾ ਦੇ ਪਛਾਣ ਚਿੰਨ੍ਹ ਸਬੰਧਕ ਤੇ ਕਿਰਿਆ ਰੂਪ ਹੁੰਦੇ ਹਨ। ਪੰਜਾਬ ਵਿੱਚ ਦਾ, ਦੀ ਅਤਾ ਕਾ, ਕੀ ਦੋਵੇਂ ਪ੍ਰਚਲੱਤ ਹਨ। ਅਸੀਂ ਕਿਸੇ ਨੂੰ 'ਰਾਮੇ ਕੇ, ਸ਼ਾਮੇ ਕੇ' ਆਖ ਦਿੰਦੇ ਹਾਂ। ਕਈ ਅਨਾੜੀ ਲੋਕ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਵਿਚਲੇ 'ਕਾ' ਨੂੰ 'ਦਾ' ਅਤੇ 'ਕੀ' ਨੂੰ 'ਦੀ' ਕਹਿ ਦਿੰਦੇ ਹਨ, ਜੋ ਕੰਨਾਂ ਵਿੱਚ ਕਚਿਆਣ ਜਿਹੀ ਭਰ ਦਿੰਦਾ ਹੈ। ਜਗਰਾਤੇ ਵਾਲੇ 'ਜੈ ਮਾਤਾ ਦੀ' ਨੂੰ ਜੇ 'ਜੈ ਮਾਤਾ ਕੀ' ਆਖ ਦੇਣ ਤਾਂ ਅਵੱਗਿਆ ਜਿਹੀ ਲੱਗਦੀ ਹੈ।

ਭਾਸ਼ਾ ਦਾ ਇਕ ਰੂਪ ਬੋਲਿਆ ਜਾਂਦਾ ਹੈ ਤੇ ਦੂਸਰਾ ਅੱਖਰਾਂ ਵਿੱਚ ਲਿਖਿਆ ਜਾਂਦਾ ਹੈ, ਜਿਸ ਨੂੰ ਲਿੱਪੀ ਕਹਿੰਦੇ ਹਨ। ਲਿੱਪੀਆਂ ਤਿੰਨ ਤਰ੍ਹਾਂ ਦੀਆਂ ਹਨ, ਅਲਫਾਬੈਟਿਕ, ਪਿਕਟੋਰੀਅਲ ਤੇ ਸਿਲੇਬਰੀ। ਅਲਫਾਬੈਟਿਕ ਲਿੱਪੀਆਂ ਉਹ ਹਨ, ਜਿਨ੍ਹਾਂ ਦੇ ਅੱਖਰ ਕੇਵਲ ਇਕ ਧੁਨੀ ਨੂੰ ਪੇਸ਼ ਕਰਦੇ ਹਨ। ਪਿਕਟੋਰੀਅਲ ਲਿੱਪੀ ਉਹ ਹੈ, ਜਿਥੇ ਕੋਈ ਅੱਖਰ ਇਕ ਚਿੱਤਰ ਹੁੰਦਾ ਹੈ, ਜੋ ਕਿਸੇ ਧੁਨੀ ਨੂੰ ਨਹੀਂ, ਬਲਕਿ ਵਿਸ਼ੇਸ਼ ਅਰਥ ਨੂੰ ਪੇਸ਼ ਕਰਦਾ ਹੈ। ਸਿਲੇਬਰੀ ਲਿੱਪੀ ਵਿੱਚ ਕੋਈ ਅੱਖਰ ਧੁਨੀ ਨੂੰ ਨਹੀਂ, ਸ਼ਬਦਾਂਸ਼ ਨੂੰ ਪੇਸ਼ ਕਰਦਾ ਹੈ।

ਇਸ ਨੁਕਤੇ ਤੋਂ ਦੇਵਨਾਗਰੀ ਅਰਧ ਸਿਲੇਬਰੀ ਲਿੱਪੀ ਹੈ, ਜਿਸ ਵਿੱਚ ਇਕ ਅੱਖਰ ਇਕ ਤੋਂ ਵਧੀਕ ਧੁਨੀਆਂ ਜਾਂ ਸ਼ਬਦਾਂਸ਼ ਲਈ ਨਿਸ਼ਚਿਤ ਹੁੰਦਾ ਹੈ। ਇਸ ਪੱਖ ਤੋਂ ਦੇਵਨਾਗਰੀ ਲਿੱਪੀ ਅਵਿਗਿਆਨਕ ਕਹੀ ਜਾਂਦੀ ਹੈ। ਕਿਸੇ ਸੱਭਿਆਚਾਰ ਵਿੱਚ ਧੁਨੀਆਤਮਕ ਤਬਦੀਲੀ ਹੁੰਦੀ ਰਹਿੰਦੀ ਹੈ। ਤੁਲਸੀਦਾਸ ਤੇ ਸੂਰਦਾਸ ਦੇ ਸਮੇਂ ਸੰਸਕ੍ਰਿਤ ਦੀਆਂ ਕਈ ਧੁਨੀਆਂ ਦੀ ਹੋਂਦ ਖਤਮ ਹੋ ਚੁੱਕੀ ਸੀ। ਬੇਸ਼ੱਕ ਦੇਵਨਾਗਰੀ ਵਿੱਚ 'ਸ਼' ਲਈ ਦੋ ਅੱਖਰ ਨਿਸ਼ਚਿਤ ਸਨ, ਪਰ ਉਸ ਵੇਲੇ 'ਸ਼' ਦੀ ਧੁਨੀ ਲੋਪ ਹੋ ਚੁੱਕੀ ਸੀ। ਸੂਰਦਾਸ ਨੇ 'ਸੂਰਸਾਗਰ' ਵਿੱਚ ਸ਼ਬਦ ਨੂੰ 'ਸਬਦ' ਲਿਖਿਆ। ਤੁਲਸੀਦਾਸ ਨੇ 'ਰਮਾਇਣ' ਵਿੱਚ ਸ਼ੂਦਰ ਨੂੰ 'ਸੂਦਰ' ਅਤੇ ਪਸ਼ੂ ਨੂੰ 'ਪਸੂ' ਲਿਖਿਆ। ਅਚਾਰੀਆ ਰਜਨੀਸ਼ 'ਸ਼' ਦੀ ਧੁਨੀ ਵਾਲੇ ਸ਼ਬਦਾਂ ਨੂੰ 'ਸ' ਕਰਕੇ ਬੋਲਦੇ ਸਨ। ਅੱਜ ਵੀ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ 'ਸ਼' ਨੂੰ 'ਸ' ਬੋਲਿਆ ਜਾਂਦਾ ਹੈ। ਕਨ੍ਹੱਈਆ ਕੁਮਾਰ ਵੀ ਸ਼ਾਸਤਰੀ ਨੂੰ 'ਸਾਸਤਰੀ' ਬੋਲਦਾ ਹੈ। ਇਹ ਹਿੰਦੀ ਨਹੀਂ ਹੈ। ਹਿੰਦੀ ਸਿਰਫ ਰੇਡੀਓ 'ਤੇ ਬੋਲੀ ਜਾਂਦੀ ਜਾਂ ਫਿਰ ਪੜ੍ਹੇ ਲਿਖੇ ਲੋਕ ਸਿਆਸੀ ਚੇਤਨਾ ਅਧੀਨ ਬੋਲਦੇ ਹਨ। ਉਨ੍ਹਾਂ ਨੂੰ ਆਪਣੀ ਮਾਤ ਭਾਸ਼ਾ ਵਿੱਚ ਬੋਲਣਾ ਅਨਪੜ੍ਹਤਾ ਲੱਗਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਪੰਜਾਬ ਵਿੱਚ ਕੇਵਲ ਪੈਂਤੀ ਧੁਨੀਆਂ ਸਨ। ਇਕ ਧੁਨੀ ਲਈ ਇਕ ਅੱਖਰ ਦੇ ਹਿਸਾਬ ਪੈਂਤੀ ਅੱਖਰ ਰੱਖੇ ਗਏ। ਗੁਰਮੁਖੀ ਨੂੰ ਪੈਂਤੀ ਵੀ ਕਹਿੰਦੇ ਹਨ। ਪੈਂਤੀ ਧੁਨੀਆਂ, ਪੈਂਤੀ ਅੱਖਰ ਅਤੇ ਪੈਂਤੀ ਨਾਂ। ਇਸੇ ਕਰਕੇ ਗੁਰਮੁਖੀ ਲਿੱਪੀ ਦੇਵਨਾਗਰੀ ਵਾਲੇ ਸੈਮੀ ਸਿਲੇਬਰੀ ਦੋਸ਼ ਤੋਂ ਮੁਕਤ ਹੈ। ਭਾਸ਼ਾ ਦਾ ਸਬੰਧ ਸੱਭਿਆਚਾਰ ਨਾਲ ਹੈ। ਰਾਜਨੀਤੀ ਤੇ ਧਰਮ ਦੀ ਆੜ ਹੇਠ ਇਸ ਨੂੰ ਦਬੇਲ ਬਣਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪੰਜਾਬੀ ਭਾਸ਼ਾ ਧਰਤੀ ਦੇ ਵਿਸ਼ਾਲ ਖੇਤਰਾਂ ਤੱਕ ਫੈਲੀ ਹੋਈ ਹੈ। ਕਿਸੇ ਪ੍ਰਕਿਰਤਕ ਅਤੇ ਕੁਦਰਤੀ ਭਾਸ਼ਾ ਨੂੰ ਅਪ੍ਰਕਿਰਤਕ ਭਾਸ਼ਾ ਦੀਆਂ ਧਮਕੀਆਂ ਮਿਲਣੀਆਂ ਦੇਸ਼ ਦੇ ਹਿੱਤ ਵਿੱਚ ਨਹੀਂ ਹਨ।

# ਲੋਕਾਂ 'ਤੇ ਹਾਵੀ ਹੋ ਰਿਹਾ ਤੰਤਰ

–ਲਕਸ਼ਮੀਕਾਂਤਾ ਚਾਵਲਾ

ਆਮ ਲੋਕਾਂ ਨੂੰ ਦੇਸ਼ ਦੀ ਪਾਰਲੀਮੈਂਟ ਵਿੱਚ ਨਵਾਂ ਮੋਟਰ ਵਾਹਨ ਸੋਧ ਕਾਨੂੰਨ ਪਾਸ ਹੋਣ ਕਾਰਨ ਇਸ ਉਤੇ ਸ਼ੱਕ ਸੀ। ਇਹ ਕਾਨੂੰਨ ਲਾਗੂ ਹੋਣ ਮਗਰੋਂ ਪੂਰੇ ਦੇਸ਼ ਵਿੱਚ ਅਜਿਹਾ ਮਾਹੌਲ ਬਣ ਗਿਆ, ਜਿਵੇਂ ਪੁਲਸ ਤੇ ਦੇਸ਼ ਵਾਸੀ ਦੋ ਵੱਖੋ-ਵੱਖਰੇ ਖੇਮੇ ਹੋਣ ਅਤੇ ਦੋਵਾਂ ਵਿਚਾਲੇ ਸੰਘਰਸ਼ ਚੱਲ ਰਿਹਾ ਹੋਵੇ। ਜਿਥੇ ਲੋਕ ਭਾਰੀ ਪੈ ਰਹੇ ਹਨ, ਪੁਲਸ ਖਾਮੋਸ਼ ਹੋ ਜਾਂਦੀ ਹੈ, ਪਰ ਜ਼ਿਆਦਾਤਰ ਕੇਸਾਂ ਵਿੱਚ ਸਰਕਾਰੀ ਤੰਤਰ ਭਾਰੀ ਹੋ ਰਿਹਾ ਹੈ ਅਤੇ ਪੁਲਸ ਲੋਕਾਂ ਨੂੰ ਕੁੱਟ ਕੇ ਆਪਣੇ ਅਧਿਕਾਰਾਂ ਦੀ ਬੇਹੂਦਾ ਨੁਮਾਇਸ਼ ਕਰਦੀ ਹੈ। ਇਸ ਤੋਂ ਪਹਿਲਾਂ ਵੀ ਥਾਣਿਆਂ ਵਿੱਚ ਪੁਲਸ ਦੀ ਬੇਰਹਿਮੀ ਤੇ ਅਜਿਹੇ ਮਾਮਲਿਆਂ ਵਿੱਚ ਨੀਤੀ ਘਾੜਿਆਂ ਦੀ ਚੁੱਪ ਕਾਰਨ ਵਧਦਾ ਜ਼ੁਲਮ ਆਮ ਵਿਅਕਤੀ ਨੂੰ ਸਹਿਣਾ ਪੈਂਦਾ ਹੈ, ਸੱਤਾਧਾਰੀਆਂ ਨੂੰ ਨਹੀਂ।

ਪਿਛਲੇ ਦਿਨੀਂ ਕਰਨਾਟਕ ਦੇ ਬੰਗਲੁਰੂ ਦੇ ਇਕ ਥਾਣੇ ਵਿੱਚ ਇਕ ਨੌਜਵਾਨ ਨੂੰ ਕੁੱਟ ਦਾ ਦ੍ਰਿਸ਼ ਸਾਹਮਣੇ ਆਇਆ, ਜਿਸ ਨੂੰ ਪਹਿਲਾਂ ਰੱਸੀ ਨਾਲ ਬੰਨ੍ਹ ਕੇ ਪੁੱਠਾ ਲਟਕਾਇਆ ਅਤੇ ਡੰਡੇ ਨਾਲ ਝੰਬਿਆ ਗਿਆ। ਜਦੋਂ ਰੱਸੀ ਟੁੱਟ ਗਈ ਤਾਂ ਉਸ ਨੂੰ ਜ਼ਮੀਨ ਉਤੇ ਸੁੱਟ ਕੇ ਇੰਸਪੈਕਟਰ ਡੰਡਿਆਂ ਨਾਲ ਉਦੋਂ ਤੱਕ ਕੁੱਟਦਾ ਰਿਹਾ, ਜਦੋਂ ਤੱਕ ਆਪ ਹੱਫ ਨਾ ਗਿਆ। ਸਵਾਲ ਉਠਦਾ ਹੈ ਕਿ ਇਹ ਆਜ਼ਾਦ ਭਾਰਤ ਦੀ ਪੁਲਸ ਹੈ? ਕੀ ਇਸੇ ਲਈ ਭਾਰਤੀ ਜਨਤਾ ਨੇ ਕਾਲੇ ਪਾਣੀ ਦੇ ਤਸੀਹੇ ਸਹਿ ਕੇ ਬ੍ਰਿਟਿਸ਼ ਸਾਮਰਾਜਵਾਦ ਤੋਂ ਦੇਸ਼ ਆਜ਼ਾਦ ਕਰਾਇਆ ਸੀ? ਸਵਾਲ ਇਹ ਵੀ ਹੈ ਕਿ ਅਰਬਾਂ ਖਰਬਾਂ ਦੇ ਘੁਟਾਲੇ ਵਿੱਚ ਫੜੇ ਜਾਂਦੇ ਵੱਡੇ-ਵੱਡੇ ਸਿਆਸਤਦਾਨਾਂ ਨਾਲ ਵੀ ਕੀ ਇਹ ਸਲੂਕ ਕੀਤਾ ਜਾਂਦਾ ਹੈ? ਇਸ ਦਾ ਜਵਾਬ ਸਿੱਧਾ ਨਹੀਂ। ਹਾਲੇ ਤੱਕ ਕੋਈ ਵੀ ਇਹ ਨਹੀਂ ਦੱਸ ਸਕਿਆ ਕਿ ਪੁਲਸ ਕਿਸ ਦੀ ਇਜਾਜ਼ਤ ਅਤੇ ਕਿਸ ਕਾਨੂੰਨ ਤਹਿਤ ਅੰਨ੍ਹਾ ਤਸ਼ੱਦਦ ਕਰਦੀ ਹੈ। ਉਤਰ ਪ੍ਰਦੇਸ਼ ਦੀ ਪੁਲਸ ਨੇ ਸਿਧਾਰਥ ਨਗਰ ਵਿੱਚ ਹੈਲਮੈਟ ਨਾ ਪਹਿਨਣ ਵਾਲੇ ਜਵਾਨ ਨੂੰ ਸੜਕ ਉਤੇ ਸੁੱਟ ਕੇ ਉਸ ਦੀ ਮਾਸੂਮ ਧੀ ਸਾਹਮਣੇ ਉਸ ਦੀ ਖਿੱਚਧੂਹ ਕੀਤੀ ਤੇ ਅਪਮਾਨਿਤ ਕੀਤਾ। ਕੁਝ ਦਿਨ ਪਹਿਲਾਂ ਚੰਡੀਗੜ੍ਹ ਵਿੱਚ ਵੀ ਅਜਿਹੀ ਘਟਨਾ ਵਾਪਰੀ।

ਸਵਾਲ ਉਠਦਾ ਹੈ ਕਿ ਹੈਲਮੈਟ ਨਾ ਪਾਉਣ ਵਾਲਿਆਂ ਨੂੰ ਕੀ ਪੁਲਸ ਮਾਰ ਮੁਕਾਏਗੀ? ਇਹ ਬਿਹਤਰ ਹੋਣਾ ਸੀ, ਜੇ ਪੂਰੇ ਦੇਸ਼ ਵਿੱਚ ਛੇ ਮਹੀਨੇ ਲਈ ਇਹ ਕਾਨੂੰਨ ਸਿਰਫ ਪੁਲਸ, ਆਗੂਆਂ, ਉਚ ਅਧਿਕਾਰੀਆਂ ਅਤੇ ਅਸਲੀ ਜਾਂ ਨਕਲੀ ਵੀ ਆਈ ਪੀਜ਼ ਉਤੇ ਲਾਗੂ ਕੀਤਾ ਜਾਂਦਾ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਕ ਇੰਟਰਵਿਊ ਦੌਰਾਨ ਕਿਹਾ ਕਿ ਕਾਨੂੰਨ ਦਾ ਮਹਿਜ਼ ਡਰ ਨਹੀਂ, ਸਨਮਾਨ ਵੀ ਹੋਣਾ ਚਾਹੀਦਾ ਹੈ। ਮੇਰੀ ਬੇਨਤੀ ਹੈ ਕਿ ਜਦੋਂ ਤੱਕ ਕਾਨੂੰਨ ਲਾਗੂ ਕਰਾਉਣ ਵਾਲੇ ਅਤੇ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿੱਚ ਬੈਠੇ ਕਾਨੂੰਨਘਾੜੇ ਕਾਨੂੰਨ ਤੋਂ ਨਹੀਂ ਡਰਨਗੇ, ਇਸ ਦਾ ਪਾਲਣ ਤੇ ਸਨਮਾਨ ਨਹੀਂ ਕਰਨਗੇ, ਆਮ ਲੋਕਾਂ ਤੋਂ ਇਹ ਆਸ ਰੱਖਣਾ ਵਿਅਰਥ ਹੈ। ਦੇਸ਼ ਤੇ ਸਮਾਜ ਦੇ ਖਾਸ ਵਿਅਕਤੀ ਜਿਸ ਰਸਤੇ ਉਤੇ ਚੱਲਦੇ ਹਨ ਉਸੇ 'ਤੇ ਆਮ ਲੋਕ ਚੱਲਦੇ ਹਨ। ਉਂਜ ਵੀ ਦੇਸ਼ ਦੇ ਸ਼ਾਸਕਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਿਰਫ ਡੰਡੇ ਤੋਂ ਡਰ ਨਾਲ ਦੇਸ਼ ਨਹੀਂ ਟੱਲ ਸਕਦਾ। ਇਹ ਮਿਸਾਲ ਬਣਨ ਉਤੇ ਕਿ ਕਾਨੂੰਨਘਾੜੇ ਕਾਨੂੰਨ ਦਾ ਪਾਲਣ ਕਰਦੇ ਹਨ ਤੇ ਲਾਗੂ ਕਰਾਉਣ ਵਾਲੇ ਆਪ ਨੇਮਾਂ ਮੁਤਾਬਕ ਚੱਲਦੇ ਹਨ ਤਾਂ ਬਾਕੀ ਲੋਕ ਕਾਨੂੰਨਾਂ ਦਾ ਪਾਲਣ ਕਰਦੇ ਹਨ।

ਮੇਰਾ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਸਿੱਧਾ ਸਵਾਲ ਹੈ ਕਿ ਕੀ ਕਦੇ ਜਾਪਾਨ, ਅਮਰੀਕਾ ਆਦਿ ਜਿਹੇ ਦੇਸ਼ਾਂ ਕਿਸੇ ਬੇਦੋਸ਼ੇ ਨਾਗਰਿਕ ਦੀ ਇਸ ਤਰ੍ਹਾਂ ਸੜਕ ਉਤੇ ਬੇਰਹਿਮੀ ਨਾਲ ਮਾਰਕੁੱਟ ਹੋਈ ਹੈ? ਇਸ ਸਾਰੇ ਸਮਾਜਿਕ ਸੰਕਟ ਦਾ ਦੂਜਾ ਪੱਖ ਵੀ ਦਿਖਾਈ ਦੇਂਦਾ ਹੈ, ਜਿਸ ਨੂੰ ਕਿਸੇ ਪੱਖ ਤੋਂ ਸਿਹਤਮੰਦ ਰੁਝਾਨ ਨਹੀਂ ਕਿਹਾ ਜਾ ਸਕਦਾ। ਦੋ ਦਿਨਾਂ ਵਿੱਚ ਤਿੰਨ ਅਜਿਹੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ ਜਿਥੇ ਪੁਲਸ ਨੂੰ ਲੋਕਾਂ ਨੇ ਘੇਰਿਆ। ਇਕ ਉਹ ਜਵਾਨ ਵਿਖਾਈ ਦਿੱਤਾ ਸੀ, ਜੋ ਪੁਲਸ ਦੇ ਹੌਲਦਾਰ ਨੂੰ ਹੈਲਮੈਟ ਨਾ ਪਹਿਨਣ ਉਤੇ ਰੋਕ ਰਿਹਾ ਹੈ। ਉਸ ਦੇ ਵਾਹਨ ਦੇ ਜ਼ਰੂਰੀ ਦਸਤਾਵੇਜ਼ ਵਿਖਾਉਣ ਦੀ ਗੱਲ ਕਰ ਰਿਹਾ ਹੈ। ਉਸ ਦੀ ਦਲੀਲ ਸੀ ਕਿ ਇਸੇ ਪੁਲਸ ਕਰਮਚਾਰੀ ਨੇ ਉਸ ਦਾ ਵਾਹਨ ਚਲਾਨ ਦੀ ਰਕਮ ਜਮ੍ਹਾਂ ਨਾ ਕਰਾਉਣ ਕਾਰਨ ਜ਼ਬਤ ਕੀਤਾ ਹੈ ਤਾਂ ਇਹ ਪੁਲਸ ਵਾਲੇ ਦਾ ਵਾਹਨ ਜ਼ਬਤ ਕਿਉਂ ਨਾ ਹੋਵੇ। ਇਕ ਦ੍ਰਿਸ਼ ਭੋਪਾਲ ਦਾ ਸੀ, ਜਿਥੇ ਕੁਝ ਔਰਤਾਂ ਇਕ ਪੁਲਸ ਕਰਮਚਾਰੀ ਦੀ ਮਾਰਕੁੱਟ ਕਰ ਰਹੀਆਂ ਸਨ। ਇਸ ਤੋਂ ਇਲਾਵਾ ਅੰਮ੍ਰਿਤਸਰ ਵਿੱਚ ਵੱਡੀ ਘਟਨਾ ਵਾਪਰੀ ਜਿਥੇ ਇਕ ਸਬ ਇੰਸਪੈਕਟਰ ਨੂੰ ਪਿੰਡ ਦੇ ਲੋਕਾਂ ਨੇ ਝੰਬਿਆ। ਉਸ ਦੀ ਕੁੱਟ-ਕੁੱਟ ਕੇ ਬੁਰੀ ਹਾਲਤ ਕਰ ਦਿੱਤੀ ਗਈ। ਇਹ ਠੀਕ ਹੈ ਕਿ ਪੁਲਸ ਕਾਨੂੰਨ ਦੀ ਓਟ ਵਿੱਚ ਆਪਣੇ ਆਪ ਨੂੰ ਬਚਾ ਲੈਂਦੀ ਹੈ। ਸਰਕਾਰੀ ਕਰਮਚਾਰੀ ਦੀ ਡਿਊਟੀ ਵਿੱਚ ਅੜਚਣ ਪਾਉਣ ਦਾ ਕੇਸ ਬਣਾ ਦਿੰਦੀ ਹੈ। ਮੁਲਜ਼ਮਾਂ ਨੂੰ ਥਾਣੇ ਲਿਜਾ ਕੇ ਕੁੱਟ ਦਾ ਬਦਲਾ ਲੈਣਾ ਜਾਣਦੀ ਹੈ।

ਕੀ ਸਰਕਾਰ ਇਹ ਚਾਹੁੰਦੀ ਹੈ ਕਿ ਆਮ ਲੋਕਾਂ ਤੇ ਪੁਲਸ ਦਰਮਿਆਨ ਸੜਕਾਂ ਉਤੇ ਲੜਾਈ ਸ਼ੁਰੂ ਹੋ ਜਾਵੇ? ਇਹ ਨਾ ਦੇਸ਼ ਲਈ ਚੰਗਾ ਹੈ ਤੇ ਨਾ ਸਮਾਜ ਲਈ। ਦਰਅਸਲ, ਪੁਲਸ ਨੂੰ ਕਾਨੂੰਨ ਅਤੇ ਸਮਾਜ ਤੇ ਦੇਸ਼ ਦੀ ਅੰਦਰੂਨੀ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਉਂਦੀ ਹੈ। ਉਂਜ ਇਹ ਸੱਚ ਹੈ ਕਿ ਪੁਲਸ ਪ੍ਰਤੀ ਆਮ ਲੋਕਾਂ ਨੂੰ ਵਿਸ਼ਵਾਸ ਘੱਟ ਹੈ ਤੇ ਮਜਬੂਰੀ ਵਿੱਚ ਹੀ ਪੁਲਸ ਵਾਲਿਆਂ ਦੀ ਇੱਜ਼ਤ ਕੀਤੀ ਜਾਂਦੀ ਹੈ। ਪੁਲਸ ਅਤੇ ਲੋਕਾਂ ਦਰਮਿਆਨ ਝੜਪਾਂ ਨਾਲ ਦੇਸ਼, ਸਮਾਜ, ਸਰਕਾਰ ਜਾਂ ਜਮਹੂਰੀਅਤ ਦਾ ਭਲਾ ਨਹੀਂ ਹੋ ਸਕਦਾ। ਸਾਡਾ ਦੇਸ਼ ਜਮਹੂਰੀ ਸ਼ਾਸਨ ਪ੍ਰਣਾਲੀ ਵਾਲਾ ਦੇਸ਼ ਹੈ। ਜਨਤਾ ਸਰਕਾਰੀ ਤੰਤਰ ਦੀ ਗੁਲਾਮ ਨਹੀਂ। ਇਹ ਵੀ ਸੱਚ ਹੈ ਕਿ ਲੋਕਾਂ ਦੇ ਚੁੱਪ ਹੋਣ ਦੀ ਸੂਰਤ ਵਿੱਚ ਤੰਤਰ ਦਾ ਕਰੂਰ ਚਿਹਰਾ ਸਾਹਮਣੇ ਆਉਂਦਾ ਹੈ। ਸਰਕਾਰਾਂ ਨੂੰ ਇਹ ਯਾਦ ਰੱਖਣਾ ਹੋਵੇਗਾ ਕਿ ਜੇ ਸਖਤ ਕਾਨੂੰਨ ਤੇ ਭਾਰੀ ਸਜ਼ਾ ਦੇ ਪ੍ਰਬੰਧ ਕਾਰਨ ਕਾਨੂੰਨ ਲਾਗੂ ਹੋ ਜਾਂਦੇ ਤਾਂ ਸਮਾਜ ਕਦੋਂ ਦਾ ਅਪਰਾਧ ਮੁਕਤ ਹੋ ਜਾਂਦਾ। ਠੀਕ ਹੈ ਕਿ ਸਮਾਜ ਨੂੰ ਕਾਨੂੰਨ ਦਾ ਡਰ ਹੋਣਾ ਚਾਹੀਦਾ ਹੈ। ਸਮਾਜ ਨੂੰ ਨਿਯੰਤਰਣ ਵਿੱਚ ਰੱਖਣ ਲਈ ਕਾਨੂੰਨ ਬਣਨੇ ਚਾਹੀਦੇ ਹਨ, ਪਰ ਸਮਾਜ ਨੂੰ ਇਨ੍ਹਾਂ ਬਾਰੇ ਸਿੱਖਿਅਤ ਕੀਤਾ ਜਾਵੇ। ਬੱਚਿਆਂ ਨੂੰ ਸਕੂਲਾਂ ਵਿੱਚ ਹੀ ਚੰਗੇ ਸੰਸਕਾਰ ਦਿੱਤੇ ਜਾਣ ਤਾਂ ਜੋ ਉਹ ਵੱਡੇ ਹੋ ਕੇ ਚੰਗੇ ਨਾਗਰਿਕ ਬਣ ਸਕਣ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

## ਸਰਕਾਰ ਨੇ ਜੀ ਐੱਸ ਟੀ ਦੇ 1.96 ਕਰੋੜ ਸ਼੍ਰੋਮਣੀ ਕਮੇਟੀ ਦੇ ਖਾਤੇ ਵਿੱਚ ਪਾਏ

ਚੰਡੀਗੜ੍ਹ, 25 ਸਤੰਬਰ (ਪੋਸਟ ਬਿਊਰੋ)- ਕੈਪਟਨ ਅਮਰਿੰਦਰ ਸਿੰਘ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਖਿੱਚੋਤਾਣ ਦੌਰਾਨ ਪੰਜਾਬ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦੇ ਸਟੇਟ ਜੀ ਐੱਸ ਟੀ ਦੇ ਭੁਗਤਾਨ ਲਈ ਐੱਸ ਜੀ ਪੀ ਸੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਖਾਤੇ ਵਿੱਚ 1,96,57,190 ਦੀ ਰਕਮ ਪਾ ਦਿੱਤੀ ਹੈ।

ਮਾਲ ਵਿਭਾਗ ਦੇ ਸਪੈਸ਼ਲ ਚੀਫ ਸੈਕਟਰੀ ਕੇ ਬੀ ਐੱਸ ਸਿੱਧੂ ਨੇ ਦੱਸਿਆ ਕਿ ਇਸ ਤੋਂ ਬਾਅਦ ਐੱਸ ਜੀ ਪੀਸੀ ਦੀ ਰਾਜ ਸਰਕਾਰ ਉੱਤੇ ਕੋਈ ਦੇਣਦਾਰੀ ਬਾਕੀ ਨਹੀਂ ਹੈ। ਬਾਕੀ ਦੋ ਧਾਰਮਿਕ ਸਥਾਨਾਂ ਸ੍ਰੀ ਦੁਰਗਿਆਣਾ ਮੰਦਰ ਅਤੇ ਸ੍ਰੀ ਵਾਲਮੀਕ ਸਥਾਨ ਰਾਮ ਤੀਰਥ ਤੋਂ ਸਰਕਾਰ ਨੂੰ ਅਜੇ ਤੱਕ ਕੋਈ ਦਾਅਵਾ ਨਹੀਂ ਮਿਲਿਆ। ਸਰਕਾਰ ਨੇ ਮਈ ਵਿੱਚ ਹੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ (ਡੀ ਸੀ) ਨੂੰ ਚਾਰ ਕਰੋੜ ਰੁਪਏ ਦੀ ਰਾਸ਼ੀ ਸੌਂਪ ਦਿੱਤੀ ਸੀ। ਉਨ੍ਹਾਂ ਨੇ ਦੱਸਿਆ ਕਿ ਜੀ ਐੱਸ ਟੀ ਬਿੱਲਾਂ ਦੇ ਬਕਾਏ ਦੇ ਭੁਗਤਾਨ ਲਈ ਰਾਸ਼ੀ ਦੀ ਵੰਡ ਮੁਤਾਬਕ ਸ੍ਰੀ ਦਰਬਾਰ ਸਾਹਿਬ ਦੇ 3.5 ਕਰੋੜ ਰੁਪਏ ਰੱਖੇ ਗਏ ਸਨ। ਦੁਰਗਿਆਣਾ ਮੰਦਰ ਲਈ 35 ਹਜ਼ਾਰ ਅਤੇ ਬਾਕੀ ਰਕਮ ਰਾਮ ਤੀਰਥ ਲਈ ਰੱਖੀ ਸੀ। ਸਿੱਧੂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਵਿੱਤ ਮਾਲ ਵਿਭਾਗ ਨੂੰ ਇਨ੍ਹਾਂ ਤਿਨਾਂ ਧਾਰਮਿਕ ਸਥਾਨਾਂ ਦੇ ਕਿਸੇ ਵੀ ਦਾਅਵੇ ਦਾ ਤੁਰੰਤ ਭੁਗਤਾਨ ਕਰਨ ਦੇ ਹੁਕਮ ਪਹਿਲਾਂ ਹੀ ਜਾਰੀ ਕਰ ਦਿੱਤੇ ਸਨ। ਭਵਿੱਖ ਵਿੱਚ ਵੀ ਸਭ ਦਾਅਵਿਆਂ ਦਾ ਤੁਰੰਤ ਭੁਗਤਾਨ ਕਰਨ ਦੀ ਹਦਾਇਤ ਦੇ ਦਿੱਤੀ ਹੈ। ਦੂਸਰੇ ਪਾਸੇ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਇਨ੍ਹਾਂ ਤਿੰਨਾਂ ਸਥਾਨਾਂ ਦੇ ਲਈ ਲੱਗਦੇ ਜੀ ਐੱਸ ਟੀ ਨੂੰ ਸਹਿਣ ਦੇ ਲਈ ਪੂਰਨ ਤੌਰ 'ਤੇ ਵਚਨਬੱਧ ਹੈ।

### ਸਰਕਾਰੀ ਦਖਲ ਦਾ ਮਾਮਲਾ

## ਗੁਰੂ ਘਰਾਂ ਦੀ ਸੰਭਾਲ, ਪ੍ਰਬੰਧ ਤੇ ਪ੍ਰਬੰਧਕਾਂ ਦੀ ਯੋਗਤਾ ਬਾਰੇ ਕਦਮ ਚੁੱਕਣ ਦੀ ਮੰਗ

ਜਲੰਧਰ, 25 ਸਤੰਬਰ (ਪੋਸਟ ਬਿਊਰੋ)- ਦੇਸ਼ ਦੇ ਗੁਰਦੁਆਰਿਆਂ ਦੀ ਹੋਂਦ, ਪ੍ਰਬੰਧ ਤੇ ਪ੍ਰਬੰਧਕੀ ਢਾਂਚੇ ਬਾਰੇ ਨਿੱਤ ਖੜ੍ਹੇ ਹੋ ਰਹੇ ਸਵਾਲਾਂ ਉਤੇ ਸਖਤ ਸਟੈਂਡ ਲੈਣ ਲਈ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਤੁਰੰਤ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਪੰਥਕ ਪਾਰਟੀ ਹੋਣ ਦਾ ਦਾਅਵਾ ਕਰਨ ਵਾਲਾ ਅਕਾਲੀ ਦਲ ਆਪਣੀਆਂ ਸਿਆਸੀ ਖਾਹਸ਼ਾਂ ਦੀ ਪੂਰਤੀ ਲਈ ਪੰਥਕ ਸੋਚ ਕੁਚਲਣ ਤੋਂ ਵੀ ਗੁਰੇਜ ਨਹੀਂ ਕਰਦਾ। ਉਕਤ ਅਪੀਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮੀਡੀਆ ਰਾਹੀਂ ਕੀਤੀ ਹੈ। ਮਨਜੀਤ ਸਿੰਘ ਜੀ ਕੇ ਨੇ ਉੜੀਸਾ ਤੇ ਮਹਾਰਾਸ਼ਟਰ ਦੇ ਗੁਰਦੁਆਰਾ ਸਾਹਿਬਾਨ ਦੀ ਹੋਂਦ ਤੇ ਪ੍ਰਬੰਧ ਬਾਰੇ ਸਰਕਾਰੀ ਹੁਕਮਾਂ ਨਾਲ ਪੈਦਾ ਹੋਏ ਸੰਕਟ ਤੋਂ ਵੀ ਜਥੇਦਾਰ ਨੂੰ ਜਾਣੂ ਕਰਵਾਇਆ ਹੈ।

ਵਰਨਣ ਯੋਗ ਹੈ ਕਿ ਉੜੀਸਾ ਸਰਕਾਰ ਦੇ ਦੇਵੋਤਰ ਵਿਭਾਗ ਦੇ ਕਮਿਸ਼ਨਰ ਨੇ 25 ਮਈ 2019 ਨੂੰ ਹਿੰਦੂ ਧਰਮ ਇੰਡੋਮੈਂਟ ਐਕਟ 1951 ਦੀ ਧਾਰਾ ਇੱਕ ਅਤੇ ਦੋ ਹੇਠ ਉੜੀਸਾ ਦੇ ਸਾਰੇ ਸੰਸਥਾਨਾਂ ਨੂੰ ਆਪਣੇ ਅਧੀਨ ਲੈਣ ਦਾ ਹੁਕਮ ਜਾਰੀ ਕੀਤਾ ਹੈ, ਜਿਸ ਪਿੱਛੋਂ ਪੰਜਾਹ ਤੋਂ ਵੱਧ ਸਿੱਖ ਸੰਸਥਾਨਾਂ ਦੇ ਸਰਕਾਰੀ ਹੱਥਾਂ ਵਿੱਚ ਜਾਣ ਦਾ ਡਰ ਪੈ ਗਿਆ ਹੈ। ਇਸ ਮੌਕੇ ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਇਸੇ ਤਰ੍ਹਾਂ ਪੁਣੇ ਦੇ ਇੱਕ ਗੁਰਦੁਆਰੇ ਦੀ ਚੋਣ ਲਈ ਚੈਰਿਟੀ ਕਮਿਸ਼ਨਰ ਵੱਲੋਂ ਅਜਿਹੀ ਵੋਟਰ ਸੂਚੀ ਤਿਆਰ ਕਰਨ ਦੀ ਗੱਲ ਪਤਾ ਲੱਗੀ ਹੈ, ਜਿਸ ਵਿੱਚ ਗੈਰ ਕੇਸਧਾਰੀ ਸਿੱਖਾਂ ਨੂੰ ਵੋਟਰ ਮੰਨਿਆ ਗਿਆ ਹੈ, ਜਦੋਂ ਕਿ ਉਕਤ ਗੁਰਦੁਆਰੇ ਦੇ ਸੰਵਿਧਾਨ ਅਨੁਸਾਰ ਸਿਰਫ ਗੁਰਮੁਖੀ ਪੜ੍ਹਨ ਵਾਲੇ ਕੇਸਧਾਰੀ ਸਿੱਖ ਵੋਟਰ ਹੋ ਸਕਦੇ ਸਨ। ਉਨ੍ਹਾਂ ਕਿਹਾ ਕਿ ਇਸ ਬਾਰੇ ਪੁਣੇ ਦੇ ਸਿੱਖਾਂ ਨੇ ਕਮਿਸ਼ਨਰ ਨੂੰ ਮਿਲ ਕੇ ਗਲਤੀ ਨੂੰ ਸੁਧਾਰਨ ਨੂੰ ਕਿਹਾ ਹੈ।

ਮਨਜੀਤ ਸਿੰਘ ਜੀ ਕੇ ਨੇ ਜਥੇਦਾਰ ਤੋਂ ਮੰਗ ਕੀਤੀ ਹੈ ਕਿ ਅਕਾਲ ਤਖਤ ਵਿਖੇ ਆਈਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਮਾਂ ਹੱਦ ਹੋਣੀ ਚਾਹੀਦੀ ਹੈ। ਇਹ ਸਮਾਂ ਹੱਦ ਨਾ ਹੋਣ ਦਾ ਲਾਭ ਅਕਸਰ ਮਰਿਆਦਾ ਦਾ ਪਾਲਣ ਨਾ ਕਰਨ ਦੇ ਦੋਸ਼ੀ ਲੈ ਲੈਂਦੇ ਹਨ, ਜਿਸ ਕਾਰਨ ਸਿੱਖ ਰਹਿਤ ਮਰਿਆਦਾ ਦੇ ਪਾਲਣ ਉੱਤੇ ਹਾਲਤ ਅਸਪੱਸ਼ਟ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਜਥੇਦਾਰ ਹਰ ਕੰਮ ਸ਼੍ਰੋਮਣੀ ਕਮੇਟੀ ਉੱਤੇ ਨਾ ਸੁੱਟਣ, ਸਗੋਂ ਕੌਮ ਦੇ ਗੁਰਦੁਆਰਿਆਂ ਦੀ ਸੰਭਾਲ, ਪ੍ਰਬੰਧ ਅਤੇ ਪ੍ਰਬੰਧਕਾਂ ਦੀ ਯੋਗਤਾ ਬਾਰੇ ਬੇਮਿਸਾਲ ਫੈਸਲੇ ਲੈਣ ਲਈ ਸਾਥੀ ਸਿੰਘ ਸਾਹਿਬਾਨ ਨਾਲ ਬੈਠ ਕੇ ਅਗਵਾਈ ਕਰਨ ਕਿਉਂਕਿ ਅਕਾਲੀ ਦਲ ਅੱਜ ਪੰਥਕ ਮੁੱਦਿਆਂ 'ਤੇ ਚੁੱਪ ਰਹਿਣ ਦੀ ਆਪਣੀ ਨੀਤੀ 'ਤੇ ਚੱਲ ਕੇ ਪੰਥ ਨੂੰ ਬਚਾਉਣ ਦੀ ਜਗ੍ਹਾ ਸਿਰਫ ਆਪਣੇ ਪਰਵਾਰਕ ਹਿਤਾਂ ਦੇ ਪ੍ਰਤੀ ਗੰਭੀਰ ਨਜ਼ਰ ਆ ਰਿਹਾ ਹੈ।

## ਸ਼੍ਰੋਮਣੀ ਕਮੇਟੀ ਦੇ ਖਿਲਾਫ ਮੰਤਰੀ ਵੱਲੋਂ ਅਕਾਲ ਤਖਤ ਨੂੰ ਚਿੱਠੀ



ਅੰਮ੍ਰਿਤਸਰ, 25 ਸਤੰਬਰ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਿਲਾਫ ਪੰਜਾਬ ਦੇ ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਬੰਦ ਲਿਫਾਫਾ ਚਿੱਠੀ ਕਾਂਗਰਸੀ ਨੇਤਾ ਭਗਵੰਤਪਾਲ ਸਿੰਘ ਸੱਚਰ ਦੇ ਹੱਥ ਭੇਜੀ ਅਤੇ 550 ਸਾਲਾਂ ਸਮਾਗਮ ਸਾਂਝੇ ਤੌਰ ਉਤੇ ਮਨਾਉਣ ਦੇ ਐਲਾਨ ਦੇ ਬਾਵਜੂਦ ਸ਼੍ਰੋਮਣੀ ਕਮੇਟੀ 'ਤੇ ਪੰਜਾਬ ਸਰਕਾਰ ਨੂੰ ਅਣਗੌਲਿਆ ਕਰਨ ਦੇ ਦੋਸ਼ ਲਾਏ ਹਨ।

ਵਰਨਣ ਯੋਗ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ 550ਵਾਂ ਪ੍ਰਕਾਸ਼ ਪੁਰਬ ਨੂੰ ਯਾਦਗਾਰੀ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦੇਣ ਲਈ ਮਿਲ ਕੇ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਸਰਕਾਰ ਨੂੰ ਤਾਲਮੇਲ ਲਈ ਕਿਹਾ ਸੀ। ਵੱਖ-ਵੱਖ ਸਮਾਗਮਾਂ ਨੂੰ ਮਿਲ ਕੇ ਮਨਾਉਣ ਲਈ ਸ੍ਰੀ ਅਕਾਲ ਤਖਤ ਤੋਂ ਆਦੇਸ਼ ਜਾਰੀ ਹੋਇਆ ਸੀ ਕਿ ਇਨ੍ਹਾਂ ਸਮਾਗਮਾਂ ਲਈ ਤਾਲਮੇਲ ਕਮੇਟੀ ਬਣਾਈ ਜਾਵੇ, ਜਿਸ ਵਿੱਚ ਦੋ ਨੁਮਾਇੰਦੇ ਸ਼੍ਰੋਮਣੀ ਕਮੇਟੀ, ਦੋ ਨੁਮਾਇੰਦੇ ਪੰਜਾਬ ਸਰਕਾਰ ਤੇ ਇਕ ਨੁਮਾਇੰਦੇ ਸਾਂਝੇ ਤੌਰ 'ਤੇ ਸ਼ਾਮਲ ਕੀਤਾ ਜਾਵੇ। ਅਕਾਲ ਤਖਤ ਸਾਹਿਬ ਦੇ ਆਦੇਸ਼ ਮੁਤਾਬਕ ਪੰਜਾਬ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਨੇ ਚਿੱਠੀ ਭੇਜ ਕੇ 17 ਸਤੰਬਰ ਦੀ ਮੀਟਿੰਗ ਦੀ ਬੇਨਤੀ ਕੀਤੀ ਸੀ, ਜਿਸ 'ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦੋ ਨੁਮਾਇੰਦੇ, ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਅੰਮ੍ਰਿਤਸਰ ਦਿਹਾਤੀ ਦੇ ਕਾਂਗਰਸ ਪ੍ਰਧਾਨ ਭਗਵੰਤਪਾਲ ਸਿੰਘ ਸੱਚਰ ਸ਼ਾਮਲ ਹੋਏ ਸਨ। ਕਰੀਬ ਇਕ ਘੰਟੇ ਦੀ ਮੀਟਿੰਗ ਵਿੱਚ ਸ਼ਤਾਬਦੀ ਨੂੰ ਮਨਾਉਣ ਸਬੰਧੀ ਵਿਸਥਾਰ ਪੂਰਵਕ ਵਿਚਾਰਾਂ ਹੋਈਆਂ ਸਨ। ਉਸ ਮੌਕੇ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਆਦੇਸ਼ 'ਤੇ ਉਹ ਤਾਲਮੇਲ ਕਮੇਟੀ ਵਿੱਚ ਆਏ ਹਨ ਅਤੇ ਜੋ ਵਿਚਾਰਾਂ ਹੋਈਆਂ ਹਨ, ਉਨ੍ਹਾਂ ਨੂੰ ਕੈਪਟਨ ਨਾਲ ਮੀਟਿੰਗ ਕਰਕੇ ਅਗਲੇ ਪ੍ਰੋਗਰਾਮ ਸਬੰਧੀ ਰੂਪ ਰੇਖਾ ਤਿਆਰ ਕਰ ਲਈ ਜਾਵੇਗੀ, ਪਰ ਕੱਲ੍ਹ ਦੀ ਇਸ ਚਿੱਠੀ ਨੇ ਨਵਾਂ ਵਿਸ਼ਾ ਸ਼ੁਰੂ ਕਰ ਦਿੱਤਾ ਹੈ।

## ਡੀ ਜੀ ਪੀ ਚਟੋਪਾਧਿਆਏ ਵੱਲੋਂ ਸੁਖਪਾਲ ਸਿੰਘ ਪੁਲਸ ਮੁਕਾਬਲੇ ਦੀ ਜਾਂਚ ਸ਼ੁਰੂ

ਚੰਡੀਗੜ੍ਹ, 25 ਸਤੰਬਰ (ਪੋਸਟ ਬਿਊਰੋ)- ਕਰੀਬ 25 ਸਾਲ ਪਹਿਲਾਂ ਇਕ ਪੁਲਸ ਮੁਕਾਬਲੇ ਵਿਚ ਮਾਰੇ ਗਏ ਸੁਖਪਾਲ ਸਿੰਘ ਦੀ ਮੌਤ ਦੀ ਜਾਂਚ ਕਰ ਰਹੇ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਨੂੰ ਪੰਜਾਬ ਸਰਕਾਰ ਨੇ ਮਿੰਨੀ ਸਕੱਤਰੇਤ ਅੰਦਰ ਇੱਕ ਕਮਰਾ ਅਤੇ ਲੋੜੀਂਦਾ ਸਟਾਫ ਦੇ ਦਿੱਤਾ ਹੈ। ਇਹ ਸਾਰਾ ਕੁਝ ਉਨ੍ਹਾਂ ਵੱਲੋਂ ਹਾਈ ਕੋਰਟ ਵਿੱਚ ਕੀਤੇ ਗਏ ਇਤਰਾਜ਼ ਤੋਂ ਬਾਅਦ ਮਿਲਿਆ ਅਤੇ ਦਫਤਰ ਵੀ ਸਕੱਤਰੇਤ ਵਿੱਚ ਹੀ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਚਟੋਪਾਧਿਆਏ ਨੇ ਸਰਕਾਰ ਨੂੰ ਸਾਫ ਕਹਿ ਦਿੱਤਾ ਸੀ ਕਿ ਉਹ ਪੰਜਾਬ ਪੁਲਸ ਦਫਤਰ ਵਿੱਚ ਰਹਿ ਕੇ ਜਾਂਚ ਨਹੀਂ ਕਰਨਗੇ, ਕਿਉਂਕਿ ਜਿਸ ਪੁਲਸ ਅਧਿਕਾਰੀ ਦੇ ਬਾਰੇ ਉਹ ਜਾਂਚ ਕਰ ਰਹੇ ਹਨ, ਉਹ ਮਹੱਤਵ ਪੂਰਨ ਅਹੁਦੇ ਉੱਤੇ ਹੈ ਤੇ ਦਫਤਰ ਵਿੱਚ ਪੇਸ਼ੀ ਉੱਤੇ ਆਉਣ ਵਾਲੇ ਗਵਾਹਾਂ ਨੂੰ ਗੁੰਮਰਾਹ ਕੀਤਾ ਜਾ ਸਕਦਾ ਹੈ। ਇਸ ਦੇ ਬਾਅਦ ਗ੍ਰਹਿ ਵਿਭਾਗ ਨੇ ਉਨ੍ਹਾਂ ਨੂੰ ਮਿੰਨੀ ਸਕੱਤਰੇਤ 'ਚ ਦਫਤਰ ਦੇ ਦਿੱਤਾ ਹੈ। ਜਾਂਚ ਦੇ ਘੇਰੇ ਵਿੱਚ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਹਨ।



ਡੀ ਜੀ ਪੀ ਚਟੋਪਾਧਿਆਏ ਨੇ ਸ਼ਕਤੀਆਂ ਅਤੇ ਸਹੂਲਤਾਂ ਦੀ ਕਮੀ ਦੇ ਕਾਰਨ ਹਾਈ ਕੋਰਟ ਵਿੱਚ ਇੱਕ ਅਰਜ਼ੀ ਦੇ ਕੇ ਜਾਂਚ 'ਚ ਅਸਮਰੱਥਾ ਪ੍ਰਗਟਾਈ ਸੀ, ਜਿਸ ਉਤੇ ਹਾਈ ਕੋਰਟ ਨੇ ਸਰਕਾਰ ਵੱਲੋਂ ਉਨ੍ਹਾਂ ਨੂੰ ਹਰ ਸਹੂਲਤ ਦੇਣ ਦੇ ਨਿਰਦੇਸ਼ ਦਿੱਤੇ ਸਨ। ਚਟੋਪਾਧਿਆਏ ਦੇ ਇਤਰਾਜ਼ ਪਿੱਛੋਂ ਹੀ ਕੋਰਟ ਨੇ ਇਹ ਵੀ ਕਿਹਾ ਸੀ ਕਿ ਉਹ ਜਾਂਚ ਬਾਰੇ ਡੀ ਜੀ ਪੀ ਦਿਨਕਰ ਗੁਪਤਾ ਨੂੰ ਰਿਪੋਰਟ ਨਹੀਂ ਕਰਨਗੇ, ਐਡੀਸ਼ਨਲ ਚੀਫ ਸਕੱਤਰ ਸਤੀਸ਼ ਚੰਦਰਾ ਨੂੰ ਦੱਸਣਗੇ। ਚਟੋਪਾਧਿਆਏ ਦੇ ਨਾਲ ਇਸ ਜਾਂਚ ਵਿੱਚ ਏ ਡੀ ਜੀ ਪੀ ਗੁਰਪ੍ਰੀਤ ਦਿਓ ਵੀ ਰਹਿਣਗੇ, ਹਾਲਾਂਕਿ ਇਸ ਤੋਂ ਪਹਿਲਾਂ ਸਰਕਾਰ ਨੇ ਗੁਰਪ੍ਰੀਤ ਕੌਰ ਦਿਓ ਨੂੰ ਜਾਂਚ ਲਈ ਵਿਹਲੇ ਕਰਨ ਤੋਂ ਅਸਮੱਰਥਾ ਜ਼ਾਹਰ ਕੀਤੀ ਸੀ। ਪੰਜਾਬ ਸਰਕਾਰ ਨੇ ਕਿਹਾ ਸੀ ਕਿ ਏ ਡੀ ਜੀ ਪੀ ਗੁਰਪ੍ਰੀਤ ਕੌਰ ਦਿਓ ਪਹਿਲਾਂ ਹੀ ਕੁਝ ਮਹੱਤਵ ਪੂਰਨ ਕੰਮਾਂ ਵਿੱਚ ਰੁੱਝੇ ਹੋਏ ਹਨ।

ਕਰੀਬ ਛੇ ਸਾਲ ਪਹਿਲਾਂ ਸੁਖਪਾਲ ਸਿੰਘ ਦੀ ਮੌਤ ਬਾਰੇ ਸੀ ਬੀ ਆਈ ਜਾਂਚ ਦੀ ਮੰਗ ਲਈ ਹਾਈ ਕੋਰਟ ਪਹੁੰਚੀ ਦਲਬੀਰ ਕੌਰ ਨੇ ਕਿਹਾ ਸੀ ਕਿ 1994 ਵਿੱਚ ਹੋਏ ਗੁਰਨਾਮ ਸਿੰਘ ਬੰਡਾਲਾ ਦੇ ਫਰਜ਼ੀ ਮੁਕਾਬਲੇ ਦੇ ਨਾਂ ਉਤੇ ਅਸਲ 'ਚ ਉਸ ਦਾ ਪਤੀ ਸਖਪਾਲ ਸਿੰਘ ਮਾਰਿਆ ਗਿਆ ਸੀ, ਕਿਉਂਕਿ ਗੁਰਨਾਮ ਸਿੰਘ ਬੰਡਾਲਾ ਨੂੰ ਪੁਲਸ ਨੇ 2007 ਵਿੱਚ ਜ਼ਿੰਦਾ ਗ੍ਰਿਫਤਾਰ ਕੀਤਾ ਸੀ। ਸੁਖਪਾਲ ਸਿੰਘ ਦੀ ਗੁੰਮਸ਼ੁਦਗੀ ਬਾਰੇ 13 ਅਗਸਤ 1994 ਨੂੰ ਰੋਪੜ ਪੁਲਸ ਨੇ ਕੇਸ ਦਰਜ ਕੀਤਾ ਸੀ। ਸੁਖਪਾਲ ਸਿੰਘ ਰੋਪੜ ਨੇੜਲੇ ਪਿੰਡ ਕਾਲਾ ਅਫਗਾਨਾ ਦਾ ਵਾਸੀ ਸੀ। ਉਸ ਦੀ ਗੁੰਮਸ਼ੁਦਗੀ ਵੇਲੇ ਉਮਰਾਨੰਗਲ ਰੋਪੜ ਵਿੱਚ ਐਸ ਪੀ ਡਿਟੈਕਟਿਵ ਹੁੰਦੇ ਸਨ। ਦਲਬੀਰ ਕੌਰ ਦਾ ਦੋਸ਼ ਹੈ ਕਿ ਉਸ ਦੇ ਪਤੀ ਨੂੰ ਘਰੋਂ ਚੁੱਕ ਕੇ ਲਿਜਾਇਆ ਗਿਆ ਅਤੇ ਉਸ ਦੀ ਸੱਸ ਨੂੰ ਵੀ ਕਈ ਦਿਨਾਂ ਤੱਕ ਹਿਰਾਸਤ 'ਚ ਰੱਖਿਆ ਗਿਆ ਸੀ।

## ਦਾਖਾ ਦਾ ਥਾਣਾ ਮੁਖੀ ਚੋਣ ਕਮਿਸ਼ਨ ਦੇ ਨਿਸ਼ਾਨੇ ਉੱਤੇ

ਲੁਧਿਆਣਾ, 25 ਸਤੰਬਰ (ਪੋਸਟ ਬਿਊਰੋ)- ਲੁਧਿਆਣਾ ਵਿਧਾਨ ਸਭਾ ਉੱਪ ਚੋਣ ਲਈ ਜ਼ਾਬਤਾ ਲਾਗੂ ਹੁੰਦੇ ਸਾਰ ਥਾਣਾ ਦਾਖਾ ਦੇ ਐਸ ਐਚ ਓ ਪ੍ਰੇਮ ਸਿੰਘ ਚੋਣ ਕਮਿਸ਼ਨ ਦੇ ਨਿਸ਼ਾਨੇ 'ਤੇ ਆ ਗਏ ਹਨ।

ਚੋਣ ਕਮਿਸ਼ਨ ਨੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਇਸ ਦੀ ਜਾਂਚ ਰਿਪੋਰਟ ਸੌਂਪਣ ਦੇ ਨਿਰਦੇਸ਼ ਦਿੱਤੇ ਹਨ। ਡੀ ਜੀ ਪੀ ਨੇ ਇਸ ਦੀ ਜਾਂਚ ਐਸ ਐਸ ਪੀ ਜਗਰਾਓਂ ਨੂੰ ਸੌਂਪੀ ਹੈ, ਜਿਸ ਨੂੰ ਉਨ੍ਹਾਂ ਨੇ ਡੀ ਐਸ ਪੀ ਦਾਖਾ ਗੁਰਬੰਸ ਬੈਂਸ ਦੇ ਸਪੁਰਦ ਕਰ ਦਿੱਤਾ ਹੈ। ਬੈਂਸ ਨੇ ਕੱਲ੍ਹ ਇਸ ਮਾਮਲੇ ਵਿੱਚ ਐਸ ਐਚ ਓ ਦੀ ਸ਼ਿਕਾਇਤ ਕਰਨ ਵਾਲੇ ਮੁੱਲਾਂਪੁਰ ਦੇ ਵਾਸੀ ਜਗਸੀਰ ਸਿੰਘ ਦੇ ਬਿਆਨ ਲਏ। ਇਸ ਬਾਰੇ ਜਗਸੀਰ ਸਿੰਘ ਨੇ ਦੱਸਿਆ ਕਿ ਲੁਧਿਆਣਾ ਨਗਰ ਨਿਗਮ ਚੋਣਾਂ ਵੇਲੇ ਪ੍ਰੇਮ ਸਿੰਘ ਥਾਣਾ ਡੇਹਲੋਂ ਦੇ ਮੁਖੀ ਸਨ। ਉਦੋਂ ਉਨ੍ਹਾਂ ਨੇ ਉਮੀਦਵਾਰ ਦੇ ਪਤੀ ਨੂੰ ਥਾਣਾ ਬੁਲਾ ਕੇ ਧਮਕਾਇਆ ਤੇ ਚੋਣ ਨਾ ਲੜਨ ਦੀ ਹਦਾਇਤ ਦਿੱਤੀ ਸੀ। ਇਸ ਦੀ ਆਡੀਓ ਅਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਪ੍ਰੇਮ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ। ਅੱਗੋਂ ਜਦ ਮੁੱਲਾਂਪੁਰ ਦਾਖਾ ਸੀਟ 'ਤੇ ਜ਼ਿਮਨੀ ਚੋਣਾਂ ਹੋਣੀ ਹੈ ਤਾਂ ਚੋਣ ਜ਼ਾਬਤਾ ਵੇਲੇ 21 ਸਤੰਬਰ ਦੀ ਸ਼ਾਮ ਉਨ੍ਹਾਂ ਨੂੰ ਥਾਣਾ ਦਾਖਾ ਦਾ ਇੰਚਾਰਜ ਬਣਾ ਦਿੱਤਾ ਗਿਆ। ਉਸ ਤੋਂ ਪਹਿਲਾਂ ਤਾਇਨਾਤ ਅਜਾਇਬ ਸਿੰਘ ਨੂੰ ਬਿਨਾਂ ਕਾਰਨ ਦੱਸੇ ਉਥੋਂ ਹਟਾ ਦਿੱਤਾ ਗਿਆ। ਇੰਸਪੈਕਟਰ ਪ੍ਰੇਮ ਸਿੰਘ ਇਸ ਤੋਂ ਪਹਿਲਾਂ ਵੀ ਦਾਖਾ ਥਾਣਾ ਦੇ ਮੁਖੀ ਰਹਿ ਚੁੱਕੇ ਹਨ, ਜਿਸ ਕਾਰਨ ਉਨ੍ਹਾਂ ਦਾ ਲੋਕਾਂ 'ਚ ਚੰਗਾ ਪ੍ਰਭਾਵ ਹੈ। ਇਸੇ ਦਾ ਲਾਭ ਉਠਾਉਣ ਲਈ ਕਾਂਗਰਸ ਨੇ ਉਨ੍ਹਾਂ ਨੂੰ ਫਿਰ ਦਾਖਾ ਦਾ ਇੰਚਾਰਜ ਬਣਾਇਆ ਹੈ। ਆਮ ਜਨਤਾ ਦੇ ਹਿੱਤਾਂ ਨੂੰ ਧਿਆਨ 'ਚ ਰੱਖਦੇ ਹੋਏ 23 ਸਤੰਬਰ ਨੂੰ ਉਸ ਨੇ ਭਾਰਤੀ ਚੋਣ ਕਮਿਸ਼ਨ ਨੂੰ ਈਮੇਲ ਰਾਹੀਂ ਉਕਤ ਸ਼ਿਕਾਇਤ ਭੇਜੀ ਸੀ, ਜਿਸ ਦਾ ਸਖਤ ਨੋਟਿਸ ਲੈਂਦੇ ਹੋਏ ਚੋਣ ਕਮਿਸ਼ਨ ਨੇ ਡੀ ਜੀ ਪੀ ਪੰਜਾਬ ਤੋਂ 24 ਘੰਟਿਆਂ 'ਚ ਰਿਪੋਰਟ ਮੰਗੀ ਹੈ।

## ਮੈਰਿਜ ਬਿਊਰੋ ਨੇ ਲੜਕੀ ਲਈ ਮੁੰਡਾ ਨਹੀਂ ਲੱਭਿਆ, ਮੋੜਨੇ ਪਏ ਇੱਕ ਲੱਖ ਰੁਪਏ



ਚੰਡੀਗੜ੍ਹ, 25 ਸਤੰਬਰ (ਪੋਸਟ ਬਿਊਰੋ)- ਇੱਕ ਲੜਕੀ ਨੇ ਵਿਆਹ ਦੇ ਲਈ ਰਿਸ਼ਤਾ ਲੱਭਣ ਦੇ ਲਈ ਮੈਟਰੀਮੋਨੀਅਲ ਫਰਮ ਨਾਲ ਸੰਪਰਕ ਕੀਤਾ ਸੀ, ਪਰ ਉਨ੍ਹਾਂ ਨੇ ਫੀਸ ਲੈਣ ਦੇ ਬਾਵਜੂਦ ਰਿਸ਼ਤਾ ਲੱਭ ਕੇ ਨਹੀਂ ਦਿੱਤਾ। ਕੰਜ਼ਿਊਮਰ ਫੋਰਮ ਨੇ ਫਰਮ ਨੂੰ ਸੇਵਾ ਵਿੱਚ ਕੋਤਾਹੀ ਦਾ ਦੋਸ਼ੀ ਮੰਨਦੇ ਹੋਏ ਉਨ੍ਹਾਂ ਨੂੰ ਇੱਕ ਲੱਖ ਰੁਪਏ ਲੜਕੀ ਨੂੰ ਦੇਣ ਦੇ ਹੁਕਮ ਦਿੱਤੇ ਹਨ। ਫੋਰਮ ਨੇ ਸੈਕਟਰ 36 ਸਥਿਤ ਮੈਟਰੀਮੋਨੀਅਲ ਫਰਮ ਵੈਡਿੰਗ ਵਿਸ਼ ਦੇ ਖਿਲਾਫ ਇਹ ਫੈਸਲਾ ਸੁਣਾਇਆ ਹੈ।

ਲੜਕੀ ਦੀ ਮਾਂ ਨੇ ਕੰਜ਼ਿਊਮਰ ਫੋਰਮ ਵਿੱਚ ਸ਼ਿਕਾਇਤ ਦਿੱਤੀ ਸੀ ਕਿ ਉਨ੍ਹਾਂ ਨੇ ਅਗਸਤ 2017 ਵਿੱਚ ਕੰਪਨੀ ਨੂੰ ਅੱਸੀ ਹਜ਼ਾਰ ਰੁਪਏ ਦਿੱਤੇ ਅਤੇ ਰਾਇਲ ਗੋਲਡ ਮੈਂਬਰਸ਼ਿਪ ਲਈ ਕਿਹਾ ਸੀ। ਕੰਪਨੀ ਨੇ ਸਿ ਸਕੀਮ ਦੇ ਤਹਿਤ ਉਨ੍ਹਾਂ ਨੂੰ ਲੜਕਿਆਂ ਦੀ ਪ੍ਰੋਫਾਈਲ ਭੇਜਣੀ ਸ਼ੁਰੂ ਕਰ ਦਿੱਤੀ। ਸ਼ਿਕਾਇਤ ਕਰਤਾ ਦੇ ਵਕੀਲ ਐਡਵੋਕੇਟ ਰਵੀ ਇੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਵਾਰ-ਵਾਰ ਰਿਕਵੈਸਟ ਦੇ ਬਾਵਜੂਦ ਕੰਪਨੀ ਨੇ ਲੜਕੇ ਵਾਲਿਆਂ ਨਾਲ ਮੀਟਿੰਗ ਨਹੀਂ ਕਰਵਾਈ। ਇਥੋਂ ਤੱਕ ਕਿ ਉਨ੍ਹਾਂ ਦੀ ਪ੍ਰੈਫਰੈਂਸ ਦੇ ਮੁਤਾਬਕ ਕੰਪਨੀ ਨੇ ਉਨ੍ਹਾਂ ਨੂੰ ਰਿਸ਼ਤੇ ਨਹੀਂ ਭੇਜੇ। ਉਨ੍ਹਾਂ ਨੇ ਕੰਪਨੀ ਤੋਂ ਰਿਫੰਡ ਮੰਗਿਆ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਇਸ 'ਤੇ ਉਨ੍ਹਾਂ ਨੇ ਕੰਪਨੀ ਦੇ ਖਿਲਾਫ ਕੰਜ਼ਿਊਮਰ ਫੋਰਮ ਵਿੱਚ ਸ਼ਿਕਾਇਤ ਦਿੱਤੀ। ਦੋਵਾਂ ਧਿਰਾਂ ਦੀ ਬਹਿਸ ਸੁਣਨ ਦੇ ਬਾਅਦ ਫੋਰਮ ਨੇ ਕੰਪਨੀ ਦੇ ਖਿਲਾਫ ਫੈਸਲਾ ਸੁਣਾਇਆ।

ਵੈਡਿੰਗ ਵਿਸ਼ ਨੇ ਫੋਰਮ ਵਿੱਚ ਆਪਣਾ ਪੱਖ ਰੱਖਦੇ ਹੋਏ ਕਿਹਾ ਕਿ ਉਨ੍ਹਾਂ ਨੇ ਕਸਟਮਰ ਨੂੰ ਐਗਰੀਮੈਂਟ ਮੁਤਾਬਕ ਬਿਹਤਰ ਸਰਵਿਸ ਦਿੱਤੀ, ਪਰ ਕਸਟਮਰ ਨੂੰ 100 ਫੀਸਦੀ ਸਕਸੈੱਸ ਲਈ ਵਾਅਦਾ ਨਹੀਂ ਕੀਤਾ ਸੀ। ਉਨ੍ਹਾਂ ਦੀ ਕੰਪਨੀ ਦਾ ਕੰਮ ਕੇਵਲ ਉਨ੍ਹਾਂ ਦੀ ਪ੍ਰੋਫਾਈਲ ਦੇ ਮੁਤਾਬਕ ਰਿਸ਼ਤੇ ਲੱਭ ਕੇ ਦੇਣਾ ਹੈ।

## ਡਰੋਨ ਰਾਹੀਂ ਸਰਹੱਦ ਪਾਰੋਂ ਹਥਿਆਰਾਂ ਦੀ ਆਮਦ ਵੱਡੀ ਚੁਣੌਤੀ: ਦਿਨਕਰ ਗੁਪਤਾ

ਅੰਮ੍ਰਿਤਸਰ, 25 ਸਤੰਬਰ (ਪੋਸਟ ਬਿਊਰੋ)- ਤਰਨ ਤਾਰਨ ਧਮਾਕੇ ਤੋਂ ਬਾਅਦ ਗ੍ਰਿਫਤਾਰ ਨੌਜਵਾਨਾਂ ਪਾਸੋਂ ਭਾਰੀ ਮਾਤਰਾ 'ਚ ਬਰਾਮਦ ਕੀਤਾ ਅਸਲ੍ਹ 'ਡਰੋਨ' ਰਾਹੀਂ ਪਾਕਿਸਤਾਨ ਤੋਂ ਭੇਜਿਆ ਗਿਆ ਹੈ, ਜਿਸ ਦੇ ਸੁਰਾਗ ਪੁਲਸ ਦੇ ਹੱਥ ਲੱਗੇ ਹਨ। ਪੁਲਸ ਅਧਿਕਾਰੀਆਂ ਮੁਤਾਬਕ ਪੰਜਾਬ ਤੇ ਕੇਂਦਰ ਦੀਆਂ ਸੁਰੱਖਿਆ ਏਜੰਸੀਆਂ ਲਈ ਇਹ ਵੱਡੀ ਚੁਣੌਤੀ ਹੈ, ਪਰ ਪੰਜਾਬ ਪੁਲਸ ਵਲੋਂ ਬੀ ਐਸ ਐਫ ਹਵਾਈ ਫੌਜ ਸਮੇਤ ਹੋਰ ਸੁਰੱਖਿਆ ਏਜੰਸੀਆ ਦੇ ਸਹਿਯੋਗ ਨਾਲ ਪਹਿਲੀ ਵਾਰ ਵਰਤੋਂ ਕੀਤੀ ਗਈ ਡਰੋਨ ਤਕਨੀਕ ਦਾ ਪੁਖਤਾ ਹੱਲ ਕੱਢਿਆ ਜਾਵੇਗਾ।



ਪੰਜਾਬ ਪੁਲਸ ਦੇ ਮੁੱਖੀ ਡੀ ਜੀ ਪੀ ਦਿਨਕਰ ਗੁਪਤਾ ਨੇ ਦੱਸਿਆ ਕਿ ਪਿਛਲੇ ਢਾਈ ਸਾਲਾਂ ਵਿੱਚ ਪੰਜਾਬ 'ਚ 137 ਦੇ ਕਰੀਬ ਸਲੀਪਰ ਸੈਲ ਫੜੇ ਗਏ ਹਨ। ਨਸ਼ਿਆਂ ਬਾਰੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਢਾਈ ਸਾਲਾਂ ਵਿੱਚ 28 ਹਜ਼ਾਰ ਦੇ ਕਰੀਬ ਕੇਸ ਦਰਜ ਤੇ ਲੱਗਭਗ 33 ਹਜ਼ਾਰ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ, ਪਰ ਨਸ਼ਿਆਂ ਦੇ ਖਾਤਮੇ ਲਈ ਪੁਲਸ ਵਲੋਂ ਪੂਰੀ ਸ਼ਿੱਦਤ ਨਾਲ ਟੀਮ ਦੇ ਰੂਪ 'ਚ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਰਿਫਰੈਂਡਮ 20-20 ਦਾ ਕੋਈ ਸਹਿਯੋਗੀ ਨਹੀਂ ਹੈ ਤੇ ਸਭ ਪਾਰਟੀਆਂ ਇਸ ਦੇ ਖਿਲਾਫ ਹਨ। ਉਨ੍ਹਾਂ ਕਿਹਾ ਕਿ ਸੂਬੇ 'ਚ ਗੈਂਗਸਟਰਾਂ ਨੂੰ ਨੱਥ ਪਾਉਣ 'ਚ ਪੁਲਸ ਕਾਮਯਾਬ ਰਹੀ ਹੈ। ਅੰਮ੍ਰਿਤਸਰ 'ਚ ਹੋਏ ਬਲਾਸਟ ਸਬੰਧੀ ਉਨ੍ਹਾਂ ਕਿਹਾ ਕਿ ਐਸ ਆਈ ਟੀ ਬਣਾਈ ਗਈ ਹੈ।

## ਤੇਜ਼ ਰਫਤਾਰ ਕਾਰ ਤਿੰਨ ਥਾਂਈਂ ਵੱਜ ਕੇ ਉਲਟ ਗਈ, ਇੱਕ ਮੌਤ

ਬਟਾਲਾ, 25 ਸਤੰਬਰ (ਪੋਸਟ ਬਿਊਰੋ)- ਬਟਾਲਾ-ਅੰਮ੍ਰਿਤਸਰ ਰੋਡ 'ਤੇ ਮੰਗਲਵਾਰ ਤੜਕੇ ਹੋਏ ਕਾਰ ਹਾਦਸੇ ਵਿੱਚ ਕਾਰ ਚਲਾ ਰਹੇ ਨੌਜਵਾਨ ਦੀ ਮੌਕੇ 'ਤੇ ਮੌਤ ਹੋ ਗਈ। ਹਾਦਸੇ ਦਾ ਕਾਰਨ ਕਾਰ ਦੀ ਓਵਰਸਪੀਡ ਦੱਸਿਆ ਗਿਆ ਹੈ। ਹਾਦਸੇ ਦੇ ਦੌਰਾਨ ਕਾਰ ਦੀ ਸਪੀਡ ਦੀ ਸੂਈ 160 'ਤੇ ਰੁਕ ਗਈ, ਜਿਸ ਤੋਂ ਸਪੀਡ ਦਾ ਅੰਦਾਜ਼ਾ ਲੱਗ ਸਕਦਾ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼ਹਿਰ ਦੀ ਰਾਮਤੀਰਥ ਰੋਡ ਦਾ ਰਹਿਣ ਵਾਲਾ ਲਵਿਸ਼ ਅਰੋੜਾ (25) ਪੁੱਤਰ ਦੀਪਕ ਅਰੋੜਾ ਸੁੱਖਾ ਸਿੰਘ ਮਹਿਤਾਬ ਸਿੰਘ ਚੌਕ ਵਿੱਚ ਮੋਬਾਈਲ ਫੋਨ ਦੀ ਦੁਕਾਨ ਕਰਦਾ ਸੀ। ਮੌਕੇ 'ਤੇ ਪਹੁੰਚੇ ਥਾਣਾ ਏ ਐੱਸ ਆਈ ਹਰਪਾਲ ਸਿੰਘ ਨੇ ਦੱਸਿਆ ਕਿ ਹਾਦਸੇ ਦੇ ਬਾਅਦ ਲਵਿਸ਼ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪਰਵਾਰਕ ਮੈਂਬਰ ਰਾਤ ਨੂੰ ਲਾਸ਼ ਘਰ ਲੈ ਗਏ। ਇਸ ਬਾਰੇ ਮ੍ਰਿਤਕ ਦੇ ਪਰਵਾਰ ਨੂੰ ਪੁਲਸ ਕਾਰਵਾਈ ਨਹੀਂ ਕਰਵਾਈ।

## ਸੰਨਿਆਸ ਲਓ ਜਾਂ ਹਰਿਦੁਆਰ ਜਾਓ, ਪਤਨੀ ਨੂੰ ਗੁਜ਼ਾਰਾ ਭੱਤਾ ਦੇਣਾ ਹੀ ਹੋਵੇਗਾ

ਚੰਡੀਗੜ੍ਹ, 25 ਸਤੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਇੱਕ ਪਰਵਾਰਕ ਝਗੜੇ ਬਾਰੇ ਸਾਫ ਕਿਹਾ ਹੈ ਕਿ ਚਾਹੇ ਪਤੀ ਕੋਲ ਆਮਦਨ ਦਾ ਕੋਈ ਸਾਧਨ ਨਾ ਹੋਵੇ, ਉਹ ਪਤਨੀ ਨੂੰ ਗੁਜ਼ਾਰਾ ਭੱਤਾ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ। ਇਸ ਕੇਸ ਵਿੱਚ ਪਤੀ ਨੇ ਹਿਸਾਰ ਦੀ ਫੈਮਿਲੀ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿੱਚ ਕੋਰਟ ਨੇ ਉਸ ਦੀ ਪਤਨੀ ਤੇ ਬੱਚੇ ਨੂੰ ਪੰਜ ਹਜ਼ਾਰ ਰੁਪਏ ਗੁਜ਼ਾਰਾ ਭੱਤਾ ਦੇਣ ਦਾ ਹੁਕਮ ਦਿੱਤਾ ਸੀ।

ਪਤੀ ਨੇ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਦੱਸਿਆ ਕਿ ਉਸ ਦੀ ਵਿੱਤੀ ਹਾਲਤ ਅਜਿਹੀ ਨਹੀਂ ਕਿ ਉਹ ਹਰ ਮਹੀਨੇ ਇਸ ਰਕਮ ਦਾ ਭੁਗਤਾਨ ਕਰ ਸਕੇ। ਉਸ ਨੂੰ ਖੁਦ ਖਾਣ ਦੇ ਵੀ ਲਾਲੇ ਪਏ ਹੋਏ ਹਨ। ਉਹ ਸੰਨਿਆਸ ਲੈ ਕੇ ਹਰਿਦੁਆਰ ਜਾਣ ਦੀ ਸੋਚ ਰਿਹਾ ਹੈ। ਉਸ ਕੋਲ ਆਮਦਨ ਦਾ ਕੋਈ ਸਾਧਨ ਨਹੀਂ। ਉਸ ਨੇ ਕੋਰਟ ਨੂੰ ਦੱਸਿਆ ਕਿ ਪਤਨੀ ਨੂੰ ਗੁਜ਼ਾਰਾ ਭੱਤਾ ਦੇਣਾ ਸਜ਼ਾ ਤੋਂ ਘੱਟ ਨਹੀਂ ਹੈ, ਜਦ ਕਿ ਉਹ ਪਤੀ ਨੂੰ ਤੰਗ ਕਰਦੀ ਸੀ। ਉਸ 'ਤੇ ਘਰੇਲੂ ਹਿੰਸਾ ਦਾ ਕੇਸ ਕੀਤਾ ਸੀ ਜਿਸ ਤੋਂ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਿਹਾ। ਅਜਿਹੇ ਵਿੱਚ ਕਿਵੇਂ ਉਹ ਗੁਜ਼ਾਰਾ ਭੱਤਾ ਦੇਵੇ। ਹਾਈ ਕੋਰਟ ਨੇ ਕਿਹਾ ਕਿ ਚਾਹੇ ਪਟੀਸ਼ਨਰ ਦੀ ਆਮਦਨ ਦਾ ਸਾਧਨ ਨਾ ਹੋਵੇ, ਭਾਵੇਂ ਉਹ ਸੰਤ ਬਣੇ ਜਾਂ ਸੰਨਿਆਸੀ, ਚਾਹੇ ਹਰਿਦੁਆਰ ਜਾਏ, ਪਰ ਉਹ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦਾ।

## ਪਲਾਟ ਦੇ ਝਗੜੇ ਵਿੱਚ ਵਿਅਕਤੀ ਨੇ ਪੁਲਸ ਸਾਹਮਣੇ ਅੱਗ ਲਾਈ



ਖੰਨਾ, 25 ਸਤੰਬਰ (ਪੋਸਟ ਬਿਊਰੋ)- ਵਾਰਡ ਨੰਬਰ 10 ਰਾਹੌਣ ਵਿੱਚ ਓਦੋਂ ਅਫਰਾ-ਤਫੜੀ ਮਚ ਗਈ, ਜਦ ਪਲਾਟ ਦੇ ਝਗੜੇ ਵਿੱਚ ਇੱਕ ਵਿਅਕਤੀ ਨੇ ਪੁਲਸ ਦੇ ਸਾਹਮਣੇ ਪੈਟਰੋਲ ਛਿੜਕ ਕੇ ਅੱਗ ਲਾ ਲਈ। ਪੁਲਸ ਨੇ ਕਾਹਲੀ ਨਾਲ ਅੱਗ ਬੁਝਾ ਕੇ ਉਸ ਨੂੰ ਸਿਵਲ ਹਸਪਤਾਲ ਖੰਨਾ ਵਿੱਚ ਦਾਖਲ ਕਰਾਇਆ ਅਤੇ ਡਾਕਟਰਾਂ ਨੇ ਮੁੱਢਲੇ ਇਲਾਜ ਪਿੱਛੋਂ ਉਸ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਰੈਫਰ ਕਰ ਦਿੱਤਾ ਹੈ।

ਸਿਵਲ ਹਸਪਤਾਲ ਵਿੱਚ ਕੁਲਵੀਰ ਸਿੰਘ ਨੇ ਦੱਸਿਆ ਕਿ ਉਸ ਦੇ ਘਰ ਦੇ ਨੇੜੇ 10 ਬਿਸਵੇ ਦਾ ਪਲਾਟ ਹੈ ਜਿਸ ਨੂੰ ਉਸ ਦੇ ਦਾਦਾ-ਪੜਦਾਦਾ ਨੇ ਖਰੀਦਿਆ ਸੀ ਅਤੇ ਸਾਲ 1972 ਤੋਂ ਲੈ ਕੇ ਉਨ੍ਹਾਂ ਦਾ ਪਲਾਟ 'ਤੇ ਕਬਜ਼ਾ ਹੈ। ਕਰੀਬ ਛੇ ਦਿਨਾਂ ਤੋਂ ਇੱਕ ਐੱਨ ਆਰ ਆਈ ਵਿਧਵਾ ਮਹਿਲਾ ਥਾਣੇ ਵਿੱਚ ਝੂਠੀਆਂ ਸ਼ਿਕਾਇਤਾਂ ਦੇ ਕੇ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੀ ਹੈ। ਇਸ ਕੇਸ ਵਿੱਚ ਸੋਮਵਾਰ ਨੂੰ ਉਨ੍ਹਾਂ ਨੂੰ ਥਾਣੇ ਬੁਲਾ ਕੇ ਉਸ ਦੇ ਖਿਲਾਫ 107-501 ਤਹਿਤ ਕਾਰਵਾਈ ਕਰ ਕੇ ਥਾਣੇ ਬੰਦ ਕਰ ਦਿੱਤਾ, ਜਿਸ ਵਿੱਚ ਉਹ ਜ਼ਮਾਨਤ ਲੈ ਕੇ ਕੱਲ੍ਹ ਬਾਹਰ ਆਇਆ। ਇਸੇ ਦੌਰਾਨ ਸਿਟੀ ਥਾਣਾ ਇੱਕ ਦੇ ਐੱਸ ਐੱਚ ਓ ਲਾਭ ਸਿੰਘ ਪੁਲਸ ਫੋਰਸ ਸਮੇਤ ਮੌਕੇ 'ਤੇ ਆਏ ਅਤੇ ਪਲਾਟ ਖਾਲੀ ਕਰਨ ਨੂੰ ਕਿਹਾ। ਉਨ੍ਹਾਂ ਦੇ ਕਹਿਣ 'ਤੇ ਵੀ ਪੁਲਸ ਨਹੀਂ ਮੰਨੀ ਅਤੇ ਪਲਾਟ ਖਾਲੀ ਕਰਨ ਲੱਗੀ। ਮਜਬੂਰਨ ਉਸ ਨੇ ਪੈਟਰੋਲ ਛਿੜਕ ਕੇ ਖੁਦ ਨੂੰ ਅੱਗ ਲਾ ਲਈ। ਕੁਲਵੀਰ ਦੇ ਬੇਟੇ ਦੀਪ ਓਂਕਾਰ ਸਿੰਘ ਨੇ ਕਿਹਾ ਕਿ ਕਰੀਬ ਛੇ ਦਿਨਾਂ ਤੋਂ ਉਨ੍ਹਾਂ ਦੇ ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਸੀ।

ਸਿਟੀ ਥਾਣਾ ਵਨ ਦੇ ਐੱਸ ਐੱਚ ਓ ਲਾਭ ਸਿੰਘ ਨੇ ਸਾਰੇ ਦੋਸ਼ਾਂ ਨੂੰ ਝੂਠਾ ਤੇ ਬੇਬੁਨਿਆਦ ਕਰਾਰ ਦਿੰਦੇ ਹੋਏ ਕਿਹਾ ਕਿ ਐੱਨ ਆਰ ਆਈ ਵਿਧਵਾ ਮਹਿਲਾ ਨੇ ਉਸ ਦੇ ਪਲਾਟ 'ਤੇ ਕਬਜ਼ਾ ਹੋਣ ਬਾਰੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਬਾਰੇ ਕੱਲ੍ਹ ਸ਼ਾਮ ਦੋਵਾਂ ਧਿਰਾਂ ਨੂੰ ਥਾਣੇ ਬੁਲਾਇਆ ਗਿਆ ਸੀ। ਓਥੇ ਵੀ ਕੁਲਵੀਰ ਨੇ ਹੰਗਾਮਾ ਕੀਤਾ, ਜਿਸ ਕਾਰਨ ਉਸ ਦੇ ਖਿਲਾਫ ਧਾਰਾ 107-151 ਦੀ ਕਾਰਵਾਈ ਕੀਤੀ ਗਈ। ਜ਼ਮਾਨਤ ਉਤੇ ਜਾ ਕੇ ਕੁਲਵੀਰ ਸਿੰਘ ਫਿਰ ਨਹੀਂ ਟਲਿਆ। ਉਸ ਨੇ ਆਪਣਾ ਟਰੱਕ ਪਲਾਟ ਵਿੱਚ ਖੜ੍ਹਾ ਕਰ ਦਿੱਤਾ ਤੇ ਟਾਇਰ ਖੋਲ੍ਹ ਦਿੱਤੇ। ਨਾਲ ਕੰਡਿਆਲੀ ਤਾਰ ਲਾ ਕੇ ਪਲਾਟ 'ਤੇ ਕਬਜ਼ਾ ਦਿਖਾ ਦਿੱਤਾ। ਪੁਲਸ ਕੱਲ੍ਹ ਮੌਕਾ ਦੇਖਣ ਗਈ ਤਾਂ ਕੁਲਵੀਰ ਨੇ ਉਥੇ ਖੁਦ ਨੂੰ ਅੱਗ ਲਾ ਲਈ। ਪੁਲਸ ਨੇ ਉਸ ਦੀ ਜਾਨ ਬਚਾ ਕੇ ਉਸ ਨੂੰ ਸਿਵਲ ਹਸਪਤਾਲ ਖੰਨਾ ਦਾਖਲ ਕਰਾਇਆ।

## ਜੱਗੂ ਭਗਵਾਨਪੁਰੀਏ ਦੇ ਸਾਥੀ 5 ਗੈਂਗਸਟਰ ਅਸਲੇ ਸਣੇ ਕਾਬੂ

ਤਰਨ ਤਾਰਨ, 25 ਸਤੰਬਰ (ਪੋਸਟ ਬਿਊਰੋ)- ਗੈਂਗਸਟਰਾਂ ਖਿਲਾਫ ਵੱਡੀ ਕਾਰਵਾਈ ਕਰਦਿਆਂ ਤਰਨ ਤਾਰਨ ਪੁਲਸ ਨੇ ਬਦਨਾਮ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਨੇੜਲੇ ਸਾਥੀ ਰੌਸ਼ਨ ਹੁੰਦਲ ਤੇ ਸੱਮਾ ਪਹਿਲਵਾਨ ਸਮੇਤ ਪੰਜ ਜਣਿਆਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਇਨ੍ਹਾਂ ਦੇ ਪੰਜ ਹੋਰ ਸਾਥੀਆਂ ਖਿਲਾਫ ਵੀ ਕੇਸ ਦਰਜ ਕੀਤਾ ਗਿਆ ਹੈ। ਫੜੇ ਗਏ ਇਨ੍ਹਾਂ ਗੈਂਗਸਟਰਾਂ ਪਾਸੋਂ ਚਾਰ ਡੀ ਬੀ ਬੀ ਐਲ ਰਾਈਫਲਾਂ, ਦੋ 315 ਬੋਰ ਰਾਈਫਲ, ਦੋ 32 ਬੋਰ ਰਿਵਾਲਵਰ, ਦੋ 32 ਪਿਸਟਲ, 97 ਰੌਂਦ, ਡੀ ਬੀ ਪੀ ਐਲ ਰਾਈਫਲ, 41 ਰੌਂਦ 315 ਬੋਰ ਰਾਈਫਲ, 28 ਰੌਂਦ 32 ਬੋਰ ਰਿਵਾਲਵਰ ਤੇ 17 ਰੌਂਦ 32 ਬੋਰ ਪਿਸਟਲ ਦੇ ਵੀ ਬਰਾਮਦ ਕੀਤੇ ਗਏ ਹਨ।

ਪ੍ਰੈਸ ਕਾਨਫਰੰਸ ਦੌਰਾਨ ਐਸ ਐਸ ਪੀ ਧਰੁਵ ਦਹੀਆ ਨੇ ਦੱਸਿਆ ਕਿ ਐਸ ਪੀ ਡੀ ਜਗਜੀਤ ਸਿੰਘ ਵਾਲੀਆ ਦੀ ਅਗਵਾਈ ਵਿੱਚ ਡੀ ਐਸ ਪੀ ਸੁੱਚਾ ਸਿੰਘ ਅਤੇ ਹੋਰ ਪੁਲਸ ਅਧਿਕਾਰੀਆਂ ਉੱਤੇ ਆਧਾਰਿਤ ਵੱਖ-ਵੱਖ ਪੁਲਸ ਟੀਮਾਂ ਨੇ ਨਾਕਾਬੰਦੀ ਦੌਰਾਨ ਜਗਰੋਸ਼ਨ ਸਿੰਘ ਉਰਫ ਰੌਸ਼ਨ ਹੁੰਦਲ ਪਿੰਡ ਕਲੇਰ, ਸਰਵਣ ਸਿੰਘ ਉਰਫ ਸੰਮਾ ਪਹਿਲਵਾਨ ਪਿੰਡ ਕੈਰੋਂਵਾਲ, ਲਵਜੀਤ ਸਿੰਘ ਉਰਫ ਲਵ ਵਾਸੀ ਰਸੂਲਪੁਰ, ਸੁਖਦੇਵ ਸਿੰਘ ਉਰਫ ਸੁੱਖਾ ਵਾਸੀ ਜੀਵਨ ਸਿੰਘ ਨਗਰ ਤਰਨ ਤਾਰਨ ਅੇ ਏਕਮ ਸਿੰਘ ਵਾਸੀ ਕਾਜੀਕੋਟ ਰੋਡ ਤਰਨ ਤਾਰਨ ਨੂੰ ਗ੍ਰਿਫਤਾਰ ਕੀਤਾ ਹੈ, ਜਿੰਨ੍ਹਾਂ ਦੇ ਕਬਜੇ 'ਚੋਂ ਉਕਤ ਅਸਲ੍ਹਾ ਬਰਾਮਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਪਾਸੋਂ ਦੋ ਗੱਡੀਆਂ ਵੀ ਬਰਾਮਦ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਗਰੋਹ ਕਾਲਜ ਦੇ ਵਿਦਿਆਰਥੀ ਵਿੰਗ ਦੀਆਂ ਚੋਣਾਂ ਦੌਰਾਨ ਪੈਸੇ ਲੈ ਕੇ ਵਿਰੋਧੀ ਗਰੁੱਪ ਨੂੰ ਡਰਾਉਣ, ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ, ਫਾਇਰਿੰਗ ਕਰਕੇ ਲੋਕਾਂ 'ਚ ਦਹਿਸ਼ਤ ਪਾਉਣ ਤੇ ਸਮੂਹਿਕ ਲੜਾਈਆਂ ਪੈਸੇ ਲੈ ਕੇ ਕਰਦੇ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਗੈਂਗ ਦਾ ਮੁਖੀ ਜਗਰੋਸ਼ਨ ਸਿੰਘ ਉਰਫ ਰੌਸ਼ਨ ਹੁੰਦਲ ਏ ਕੈਟਾਗਿਰੀ ਦੇ ਗੈਂਗਸਟਚਰ ਜੱਗੂ ਭਗਵਾਨਪੁਰੀਆ ਦਾ ਸਾਥੀ ਹੈ। ਉਨ੍ਹਾਂ ਕਿਹਾ ਕਿ ਰੌਸ਼ਨ ਹੁੰਦਲ ਖਿਲਾਫ ਕਾਫੀ ਕੇਸ ਦਰਜ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਪੰਜ ਸਾਥੀ ਗੁਰਪ੍ਰੀਤ ਸਿੰਘ ਵਾਸੀ ਅਲਾਦੀਨਪੁਰ, ਅਰਸ਼ਦੀਪ ਸਿੰਘ ਵਾਸੀ ਕੁੱਲਾ, ਮਨਦੀਪ ਸਿੰਘ ਵਾਸੀ ਮੁੰਡਾ ਪਿੰਡ, ਸੋਨੂੰ ਵਾਸੀ ਸੇਰੋਂ ਅਤੇ ਕਵਲ ਫਰਾਰ ਹੋਣ 'ਚ ਕਾਮਯਾਬ ਹੋ ਗਏ। ਰੌਸ਼ਨ ਹੁੰਦਲ ਦੇ ਕੁਝ ਸਾਥੀ ਹਥਿਆਰਾਂ ਦੇ ਬਲ 'ਤੇ ਲੁੱਟਾਂ ਖੋਹਾਂ ਕਰਨ ਦੀਆਂ ਘਟਨਾਵਾਂ ਵਿਚ ਸ਼ਾਮਿਲ ਹਨ।





## ਅਮਿਤਾਭ ਬੱਚਨ ਨੂੰ ਦਾਦਾ ਸਾਹਿਬ ਫਾਲਕੇ ਪੁਰਸਕਾਰ

ਮੁੰਬਈ, 25 ਸਤੰਬਰ (ਪੋਸਟ ਬਿਊਰੋ)- ਹਿੰਦੀ ਫਿਲਮਾਂ ਦੇ ਲੀਜੈਂਡ ਅਭਿਨੇਤਾ ਅਮਿਤਾਭ ਬੱਚਨ ਨੂੰ ਭਾਰਤੀ ਸਿਨੇਮਾ ਦੇ ਸਰਬ ਉਚ ਸਨਮਾਨ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਿਤ ਕੀਤਾ ਜਾਏਗਾ।

ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕੱਲ੍ਹ ਟਵੀਟ ਕਰ ਕੇ ਲਿਖਿਆ, 'ਲੀਜੈਂਡ ਅਮਿਤਾਭ ਬੱਚਨ, ਜਿਨ੍ਹਾਂ ਨੇ ਦੋ ਪੀੜ੍ਹੀਆਂ ਦਾ ਮਨੋਰੰਜਨ ਕੀਤਾ ਤੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ, ਨੂੰ ਸਰਬ ਸੰਮਤੀ ਨਾਲ ਦਾਦਾ ਸਾਹਿਬ ਫਾਲਕੇ ਪੁਸਸਕਾਰ ਲਈ ਚੁਣਿਆ ਗਿਆ ਹੈ। ਪੂਰਾ ਦੇਸ਼ ਅਤੇ ਕੌਮਾਂਤਰੀ ਭਾਈਚਾਰਾ ਖੁਸ਼ ਹੈ। ਮੇਰੇ ਵੱਲੋਂ ਉਨ੍ਹਾਂ ਨੂੰ ਹਾਰਦਿਕ ਵਧਾਈ।' ਇਸ ਸਾਲ ਲੋਕ ਸਭਾ ਚੋਣਾਂ ਕਾਰਨ ਦਾਦਾ ਸਾਹਿਬ ਫਾਲਕੇ ਪੁਰਸਕਾਰ ਦਾ ਐਲਾਨ ਦੇਰ ਨਾਲ ਹੋਇਆ। ਇਹ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਹੋਣ ਵਾਲੇ ਅਮਿਤਾਭ ਬੱਚਨ ਦੇਸ਼ ਦੀ 50ਵੀਂ ਹਸਤੀ ਹੈ।

ਅਮਿਤਾਭ ਬੱਚਨ ਦੇ ਨਾਲ 'ਸੱਤੇ ਪੇ ਸੱਤਾ', 'ਦੋ ਔਰ ਦੋ ਪਾਂਚ', 'ਬਾਗ-ਬਾਨ' ਵਰਗੀਆਂ ਫਿਲਮਾਂ ਵਿੱਚ ਅਭਿਨੈ ਕਰ ਚੁੱਕੀ ਭਾਜਪਾ ਪਾਰਲੀਮੈਂਟ ਮੈਂਬਰ ਹੇਮਾ ਮਾਲਿਨੀ ਨੇ ਉਨ੍ਹਾਂ ਨੂੰ ਐਵਾਰਡ ਮਿਲਣ ਦੀ ਖੁਸ਼ੀ ਜਤਾਈ ਅਤੇ ਮੀਡੀਆ ਨੂੰ ਭੇਜੇ ਵਿਸ਼ੇਸ਼ ਸੰਦੇਸ਼ ਵਿੱਚ ਕਿਹਾ, 'ਅਮਿਤ ਜੀ ਸਹੀ ਮਾਇਨੇ ਵਿੱਚ ਦਾਦਾ ਸਾਹਿਬ ਫਾਲਕੇ ਪੁਰਸਕਾਰ ਦੇ ਹੱਕਦਾਰ ਹਨ। ਉਹ ਸਭ ਤੋਂ ਬਹੁ-ਮੁਖੀ ਅਭਿਨੇਤਾ ਹਨ। ਸੱਚ ਕਹਾਂ ਤਾਂ ਉਨ੍ਹਾਂ ਦਾ ਨਾਂਅ ਪੂਰੇ ਬਾਲੀਵੁੱਡ ਦੇ ਸਮਾਨਾਰਥਕ ਹੈ। ਮੈਂ ਅਮਿਤ ਜੀ ਨੂੰ ਸ਼ੁਭ ਕਾਮਨਾਵਾਂ ਦਿੰਦੀ ਹਾਂ। ਉਹ ਆਪਣੀਆਂ ਵੱਖ-ਵੱਖ ਭੂਮਿਕਾਵਾਂ ਦੇ ਨਾਲ ਸਾਨੂੰ ਹੈਰਾਨ ਕਰਦੇ ਰਹੇ ਹਨ।' ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਅਮਿਤਾਭ ਬੱਚਨ ਨੂੰ ਵਧਾਈ ਦਿੱਤੀ। ਅਮਿਤਾਭ ਬੱਚਨ ਨੇ ਸਾਲ 1969 ਵਿੱਚ ਫਿਲਮ 'ਸਾਤ ਹਿੰਦੋਸਤਾਨੀ' ਨਾਲ ਆਪਣੇ ਬਾਲੀਵੁੱਡ ਸਫਰ ਦਾ ਸ਼ੁਰੂ ਕੀਤਾ ਸੀ। ਪਰਦੇ ਉਤੇ 'ਐਂਗਰੀ ਯੰਗਮੈਨ' ਦਾ ਜੋਸ਼, ਗੁੱਸਾ ਅਤੇ ਲੜਨ ਦੀ ਜ਼ਿੱਦ ਨੇ ਸਾਰਿਆਂ ਵੰਚਿਤਾਂ ਅਤੇ ਅਸੰਤੁਸ਼ਟਾਂ ਨੂੰ ਪ੍ਰੇਰਿਤ ਅਤੇ ਪ੍ਰਭਾਵਤ ਕੀਤਾ। ਉਨ੍ਹਾਂ ਦੀ ਸਥਾਈ ਕਾਮਯਾਬੀ ਦਾ ਮੂਲ ਮੰਤਰ ਅਨੁਸ਼ਾਸਨ ਹੈ। ਦਿਲੀਪ ਕੁਮਾਰ, ਜਤਿੰਦਰ ਵਰਗੇ ਆਪਣੀ ਪੀੜ੍ਹੀ ਦੇ ਕਲਾਕਾਰਾਂ ਵਿੱਚ ਕੇਵਲ ਅਮਿਤਾਭ ਬੱਚਨ ਆਪਣੀ ਸਰਗਰਮ ਮੌਜੂਦਗੀ ਨਾਲ ਲਗਾਤਾਰ ਦਰਸ਼ਕਾਂ ਦਾ ਮਨੋਰੰਜਨ ਕਰ ਰਹੇ ਹਨ। ਉਨ੍ਹਾਂ ਨੇ ਅਜਿਹੇ ਮਾਪਦੰਡ ਸਥਾਪਤ ਕੀਤੇ ਹਨ, ਜਿਸ ਨੂੰ ਪਾਰ ਕਰਨਾ ਭਵਿੱਖ ਦੇ ਅਭਿਨੇਤਾਵਾਂ ਦੇ ਲਈ ਵੱਡੀ ਚੁਣੌਤੀ ਹੋਵੇਗੀ। ਅਭਿਨੈ ਦੇ ਇਲਾਵਾ ਉਹ ਵਿਗਿਆਪਨਾਂ ਅਤੇ ਸੋਸ਼ਲ ਮੀਡੀਆ 'ਤੇ ਵੀ ਸਰਗਰਮ ਹਨ।

## ਅਦਾਲਤ ਵਲੋਂ ਦਮਦਮੀ ਟਕਸਾਲ ਦੇ ਮੁਖੀ ਤੇ ਕਮੇਟੀ ਮੁਲਾਜ਼ਮਾਂ ਦੇ ਬਿਆਨ ਲੈਣ ਦੇ ਨਿਰਦੇਸ਼

ਨਵੀਂ ਦਿੱਲੀ, 25 ਸਤੰਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਕਮੇਟੀ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਬਾਰੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਅਤੇ ਹੋਰਨਾਂ ਦੇ ਖਿਲਾਫ ਚੱਲਦੇ ਕੇਸਾਂ ਦੀ ਸੁਣਵਾਈ ਦੌਰਾਨ ਕੱਲ੍ਹ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਨੇ ਕ੍ਰਾਈਮ ਬ੍ਰਾਂਚ (ਦਿੱਲੀ ਪੁਲਸ) ਨੂੰ ਹੁਕਮ ਦਿੱਤੇ ਹਨ ਕਿ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਮੈਨੇਜਰ ਧਰਮਿੰਦਰ ਸਿੰਘ, ਅਕਾਊਂਟਸ ਵਿਭਾਗ ਦੇ ਡਿਪਟੀ ਜਰਨਲ ਮੈਨੇਜਰ ਜਗਮੋਹਨ ਸਿੰਘ ਅਤੇ ਲਿਟਰੇਚਰ ਸਟੋਰ ਦੀ ਇੰਚਾਰਜ ਰਵਿੰਦਰ ਕੌਰ ਨੂੰ ਤਲਬ ਕਰਕੇ ਇਸ ਕੇਸ 'ਚ ਇਨ੍ਹਾਂ ਸਭ ਲੋਕਾਂ ਦੇ ਬਿਆਨ ਕਲਮਬੱਧ ਕੀਤੇ



ਜਾਣ।

ਮੈਜਿਸਟ੍ਰਟ ਨੇ ਡੀ ਸੀ ਪੀ ਕ੍ਰਾਈਮ ਬ੍ਰਾਂਚ ਨੂੰ ਨਿਰਦੇਸ਼ ਦਿੱਤੇ ਹਨ ਕਿ ਉਕਤ ਵਿਅਕਤੀਆਂ ਦੇ ਗੋਲਕ ਘੁਟਾਲੇ ਸਬੰਧੀ ਬਿਆਨ ਲੈ ਕੇ ਸੀਲਬੰਦ ਲਿਫਾਫੇ 'ਚ ਅਦਾਲਤ ਵਿਚ ਪੇਸ਼ ਕੀਤੇ ਜਾਣ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਦੇ ਬਿਆਨ ਦਰਜ ਕਰਨ ਦੇ ਨਿਰਦੇਸ਼ ਅਦਾਲਤ ਨੇ ਇਸ ਲਈ ਦਿੱਤੇ ਹਨ ਕਿ ਭ੍ਰਿਸ਼ਟਾਚਾਰ ਦੇ ਤਿੰਨ ਮਾਮਲਿਆਂ 'ਚੋਂ ਜਿਹੜਾ ਇਕ ਕੇਸ ਦਿੱਲੀ ਕਮੇਟੀ ਦੇ ਖਜ਼ਾਨੇ 'ਚੋਂ 51 ਲੱਖ ਤੋਂ ਵੱਧ ਦੀ ਰਾਸ਼ੀ ਦੇ ਘੁਟਾਲੇ ਨਾਲ ਸਬੰਧਿਤ ਹੈ ਤੇ ਉਸ ਦੇ ਸ਼ਿਕਾਇਤ ਕਰਤਾ ਨੇ ਅਦਾਲਤ 'ਚ ਸਬੂਤ ਪੇਸ਼ ਕਰਕੇ ਦਾਅਵਾ ਕੀਤਾ ਸੀ ਕਿ ਜਿਹੜੀ 51 ਲੱਖ ਰੁਪਏ ਤੋਂ ਵੱਧ ਰਾਸ਼ੀ ਬੈਂਕ 'ਚ ਜਮ੍ਹਾਂ ਕਰਵਾਉਣ ਵਾਸਤੇ ਦਿੱਲੀ ਕਮੇਟੀ ਦੇ ਖਜ਼ਾਨੇ 'ਚੋਂ ਕੱਢੀ ਗਈ, ਪਰ ਉਹ ਅੱਜ ਤੱਕ ਜਮ੍ਹਾਂ ਨਹੀਂ ਕਰਾਈ ਗਈ। ਇਸ ਕੇਸ ਵਿੱਚ ਕਮੇਟੀ ਦੇ ਸਾਬਕਾ ਜਨਰਲ ਮੈਨੇਜਰ ਹਰਜੀਤ ਸਿੰਘ ਸੂਬੇਦਾਰ ਨੇ ਅਦਾਲਤ 'ਚ ਅਰਜ਼ੀ ਦੇ ਕੇ ਕਿਹਾ ਸੀ ਕਿ ਦਿੱਲੀ ਕਮੇਟੀ ਨੇ 51 ਲੱਖ ਰੁਪਏ ਬਾਬਾ ਹਰਨਾਮ ਸਿੰਘ ਖਾਲਸਾ ਨੂੰ ਨਕਦ ਕਾਰ ਸੇਵਾ ਵਾਸਤੇ ਦਿੱਤੇ ਹਨ ਅਤੇ ਇਸ ਦੇ ਇਵਜ਼ 'ਚ ਟਕਸਾਲ ਦੀ ਧੰਨਵਾਦ ਵਾਲੀ ਚਿੱਠੀ ਵੀ ਜਾਂਚ ਅਧਿਕਾਰੀ ਨੂੰ ਸੌਂਪੀ ਗਈ ਸੀ। ਮਾਮਲੇ ਦੀ ਅਗਲੀ ਸੁਣਵਾਈ ਅੱਠ ਨਵੰਬਰ ਹੈ, ਉਸ ਤੋਂ ਪਹਿਲਾਂ ਇਨ੍ਹਾਂ ਲੋਕਾਂ ਦੇ ਬਿਆਨ ਅਦਾਲਤ 'ਚ ਪੇਸ਼ ਕੀਤੇ ਜਾਣੇ ਹਨ।

## ਖੁੱਲ੍ਹੇ ਥਾਂ ਟਾਇਲਟ ਕਰਨ ਉੱਤੇ ਦੋ ਦਲਿਤ ਬੱਚਿਆਂ ਦੀ ਕੁੱਟ-ਕੁੱਟ ਕੇ ਹੱਤਿਆ

ਸ਼ਿਵਪੁਰੀ, 25 ਸਤੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਜ਼ਿਲੇ ਦੇ ਭਾਵਖੇੜੀ ਪਿੰਡ ਵਿੱਚ ਪੰਚਾਇਤ ਭਵਨ ਅੱਗੇ ਟਾਇਲਟ ਕਰਨ ਉੱਤੇ 2 ਦਲਿਤ ਬੱਚਿਆਂ ਨੂੰ 2 ਵਿਅਕਤੀਆਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਹੈ।

ਸਿਰਸੋਦ ਥਾਣੇ ਦੇ ਮੁਖੀ ਇੰਸਪੈਕਟਰ ਆਰ ਐੱਸ ਧਾਕੜ ਨੇ ਦੱਸਿਆ ਕਿ ਪੁਲਸ ਨੇ ਦੋ ਦੋਸ਼ੀਆਂ ਹਾਕਿਮ ਯਾਦਵ ਤੇ ਉਸ ਦੇ ਭਰਾ ਰਾਮੇਸ਼ਵਰ ਯਾਦਵ ਨੂੰ ਕੇਸ ਵਿੱਚ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸ਼ੁਰੂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਸ ਘਟਨਾ ਵਿੱਚ 2 ਜਣੇ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਬੁਰੀ ਤਰ੍ਹਾਂ ਕੁੱਟਣ ਨਾਲ ਦੋਵੇਂ ਬੱਚੇ ਰੋਸ਼ਨੀ ਵਾਲਮੀਕਿ (12) ਅਤੇ ਅਵਿਨਾਸ਼ ਵਾਲਮੀਕਿ (10) ਨੂੰ ਗੰਭੀਰ ਸੱਟਾਂ ਲੱਗੀਆਂ ਸਨ ਤੇ ਜ਼ਿਲਾ ਹਸਪਤਾਲ ਲਿਜਾਣ ਉੱਤੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਧਾਕੜ ਨੇ ਮ੍ਰਿਤਕ ਬੱਚਿਆਂ ਦੇ ਮਾਂ-ਬਾਪ ਦੀ ਸ਼ਿਕਾਇਤ ਦੇ ਹਵਾਲੇ ਨਾਲ ਦੱਸਿਆ ਕਿ ਹਾਕਿਮ ਅਤੇ ਰਾਮੇਸ਼ਵਰ ਨੇ ਸਵੇਰੇ ਉਨ੍ਹਾਂ ਦੇ ਬੱਚਿਆਂ ਨੂੰ ਬੁਰੀ ਤਰ੍ਹਾਂ ਕੁੱਟਿਆ, ਜਦੋਂ ਉਹ ਸੜਕ ਕੋਲ ਟਾਇਲਟ



ਵਿਰਲਾਪ ਕਰਦੇ ਮ੍ਰਿਤਕ ਬੱਚਿਆਂ ਦੇ ਪਰਿਵਾਰ ਵਾਲੇ।

ਕਰ ਰਹੇ ਸਨ। ਮ੍ਰਿਤਕ ਅਵਿਨਾਸ਼ ਦੇ ਪਿਤਾ ਮਨੋਜ ਵਾਲਮੀਕਿ ਨੇ ਕਿਹਾ ਕਿ ਉਨ੍ਹਾਂ ਦਾ ਪਿੰਡ ਯਾਦਵ ਬਹੁ ਗਿਣਤੀ ਹੈ ਤੇ ਪਿੰਡ ਵਿੱਚ ਉਨ੍ਹਾਂ ਨਾਲ ਜਾਤ ਦੇ ਆਧਾਰ ਉੱਤੇ ਵਿਤਕਰਾ ਕੀਤਾ ਜਾਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਿੰਡ ਦੇ ਸਾਰੇ ਲੋਕਾਂ ਵਲੋਂ ਪਾਣੀ ਲੈਣ ਤੋਂ ਬਾਅਦ ਉਨ੍ਹਾਂ ਨੂੰ ਹੈਂਡਪੰਪ ਤੋਂ ਪਾਣੀ ਕੱਢਣ ਦੀ ਆਗਿਆ ਹੈ। ਉਨ੍ਹਾਂ ਕਿਹਾ, '2 ਸਾਲ ਪਹਿਲਾਂ ਦੋਸ਼ੀਆਂ ਨਾਲ ਮੇਰੀ ਬਹਿਸ ਹੋਈ ਸੀ ਤੇ ਉਨ੍ਹਾਂ ਨੇ ਮੈਨੂੰ ਜਾਤੀ ਦੀਆਂ ਗਾਲ੍ਹਾਂ ਕੱਢ ਕੇ ਮਾਰਨ ਦੀ ਧਮਕੀ ਦਿੱਤੀ ਸੀ।' ਮਨੋਜ ਨੇ ਕਿਹਾ, 'ਇਸ ਤੋਂ ਇਲਾਵਾ ਉਹ ਚਾਹੁੰਦੇ ਸਨ ਕਿ ਮੈਂ ਘੱਟ ਪੈਸੇ ਵਿੱਚ ਉਨ੍ਹਾਂ ਦੀ ਮਜ਼ਦੂਰੀ ਕਰਾਂ।' ਧਾਕੜ ਨੇ ਦੱਸਿਆ ਕਿ ਦੋਵਾਂ ਦੋਸ਼ੀਆਂ ਉੱਤੇ ਕਤਲ ਅਤੇ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਕਬੀਲੇ (ਜ਼ੁਲਮਾਂ ਦੀ ਰੋਕਥਾਮ) ਐਕਟ ਦਾ ਕੇਸ ਦਰਜ ਕਰ ਕੇ ਜਾਂਚ ਕੀਤੀ ਜਾ ਰਹੀ ਹੈ। ਇਸ ਦੌਰਾਨ ਪ੍ਰਸ਼ਾਸਨ ਨੇ ਘਟਨਾ ਤੋਂ ਬਾਅਦ ਚੌਕਸੀ ਲਈ ਜ਼ਿਲਾ ਹੈੱਡ ਕੁਆਰਟਰ ਤੋਂ ਕਰੀਬ 25 ਕਿਲੋਮੀਟਰ ਦੂਰ ਭਾਵਖੇੜੀ ਪਿੰਡ ਵਿੱਚ ਪੁਲਸ ਫੋਰਸ ਲਾ ਦਿੱਤੀ ਹੈ। ਸੂਤਰਾਂ ਨੇ ਦੱਸਿਆ ਕਿ ਦਲਿਤ ਸੰਗਠਨ ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਨੇਤਾ ਪਿੰਡ ਪਹੁੰਚ ਰਹੇ ਹਨ। ਬਸਪਾ ਮੁਖੀ ਮਾਇਆਵਤੀ ਨੇ ਇਸ ਘਟਨਾ ਦੀ ਨਿੰਦਾ ਕਰਦੇ ਹੋਏ ਇਸ ਉੱਤੇ ਦੁਖ ਜ਼ਾਹਰ ਕੀਤਾ ਹੈ।

## ਘੱਟ ਗਿਣਤੀ ਕਮਿਸ਼ਨ ਨੇ ਲਵ ਜੇਹਾਦ ਕੇਸ ਦੀ ਜਾਂਚ ਲਈ ਕਿਹਾ




ਨਵੀਂ ਦਿੱਲੀ, 25 ਸਤੰਬਰ (ਪੋਸਟ ਬਿਊਰੋ)- ਰਾਸ਼ਟਰੀ ਘੱਟ ਗਿਣਤੀ ਕਮਿਸ਼ਨ (ਐਨ ਸੀ ਐਮ) ਨੇ ਕੇਰਲ 'ਚ ਈਸਾਈ ਕੁੜੀਆਂ ਦੀਆਂ ਅੱਤਵਾਦੀ ਸਰਗਰਮੀਆਂ 'ਚ ਸ਼ਾਮਲ ਇਸਲਾਮਿਕ ਕੱਟੜਪੰਥੀਆਂ ਦੇ ਨਿਸ਼ਾਨੇ ਤੇ ਹੋਣ 'ਤੇ ਚਿੰਤਾ ਪ੍ਰਗਟਾਈ ਹੈ। ਐਨ ਸੀ ਐਮ ਦੇ ਮੀਤ ਪ੍ਰਧਾਨ ਜਾਰਜ ਕੁਰੀਅਨ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਮਾਮਲੇ ਦੀ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ ) ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਗ੍ਰਹਿ ਮੰਤਰਾਲੇ ਨੂੰ ਭੇਜੇ ਪੱਤਰ 'ਚ ਕੁਰੀਅਨ ਨੇ ਕੇਂਦਰ ਨੂੰ ਗਿਣੇ ਮਿੱਥੇ ਢੰਗ ਨਾਲ ਨਜਿੱਠਣ ਲਈ ਸਖਤ ਕਾਨੂੰਨ ਲਿਆਉਣ ਦੀ ਮੰਗ ਕੀਤੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇ ਇਸ 'ਤੇ ਰੋਕ ਨਾ ਲਗਾਈ ਗਈ ਤਾਂ ਇਸ ਨਾਲ ਸੂਬੇ 'ਚ ਫਿਰਕੂ ਤਣਾਅ ਪੈਦਾ ਹੋ ਜਾਵੇਗਾ। ਇਸ ਮੁੱਦੇ 'ਤੇ ਚਿਤਾਵਨੀ ਦਿੰਦਿਆਂ ਕੁਰੀਅਨ ਨੇ 23 ਸਤੰਬਰ ਨੂੰ ਲਿਖੀ ਚਿੱਠੀ 'ਚ ਕਿਹਾ ਹੈ ਕਿ ਗਿਣੇ ਮਿੱਥੇ ਢੰਗ ਨਾਲ ਧਰਮ ਤਬਦੀਲੀ ਦੇ ਹੜ੍ਹ ਤੇ ਲਵ ਜੇਹਾਦ ਰਾਹੀ ਫਸਾ ਕੇ ਅੱਤਵਾਦੀ ਸਰਗਰਮੀਆਂ 'ਚ ਵਰਤਣ ਤੋਂ ਪਤਾ ਲੱਗਦਾ ਹੈ ਕਿ ਈਸਾਈ ਭਾਈਚਾਰਾ ਇਸਲਾਮਿਕ ਕੱਟੜਪੰਥੀਆਂ ਦੇ ਸੌਖੇ ਨਿਸ਼ਾਨੇ 'ਤੇ ਹੈ। ਇਹ ਮੁੱਦਾ ਗੰਭੀਰ ਹੈ ਕਿਉਂਕਿ ਇਸ ਨਾਲ ਸੂਬੇ ਦਾ ਭਾਈਚਾਰਾ ਖਰਾਬ ਹੋ ਸਕਦਾ ਹੈ। ਦੇਖਿਆ ਗਿਆ ਹੈ ਕਿ ਵਧੇਰੇ ਕੇਸਾਂ 'ਚ ਸ਼ਿਕਾਰ ਬਣਨ ਵਾਲਿਆ ਦਾ ਬ੍ਰੇਨਵਾਸ਼ ਕੀਤਾ ਗਿਆ ਅਤੇ ਕੁਝ ਮਾਮਲਿਆ 'ਚ ਉਨ੍ਹਾਂ ਨੂੰ ਅੱਤਵਾਦੀ ਸਰਗਰਮੀਆਂ 'ਚ ਕੁਰੀਅਰ ਦੇ ਰੂਪ 'ਚ ਇਸਤੇਮਾਲ ਕੀਤਾ ਗਿਆ। ਕੁਰੀਅਨ ਨੇ ਕਿਹਾ ਕਿ ਪੀੜਤ ਪਰਵਾਰ ਡਰ ਕਾਰਨ ਜਾਣਕਾਰੀ ਦੇਣ ਲਈ ਸਾਹਮਣੇ ਨਹੀਂ ਆਉਂਦੇ। ਅਹਿਮ ਗੱਲ ਹੈ ਕਿ ਗ੍ਰਹਿ ਮੰਤਰਾਲਾ ਇਸ ਚਿੰਤਾਜਨਕ ਰੁਖ ਨੂੰ ਧਿਆਨ 'ਚ ਲਵੇ ਤੇ ਕੱਟੜਪੰਥੀ ਤੱਤਾਂ ਦੀਆਂ ਅਜਿਹੀਆਂ ਸਰਗਸਮੀਆਂ 'ਤੇ ਕਾਬੂ ਪਾਉਣ ਲਈ ਅਸਰਦਾਰ ਕਾਨੂੰਨ ਲਿਆਵੇ।

### ਮੈਕਸ ਜਹਾਜ਼ ਹਾਦਸਿਆਂ ਦਾ ਮਾਮਲਾ

## ਪੀੜਤ ਪਰਵਾਰਾਂ ਨੂੰ ਬੋਇੰਗ ਇੱਕ-ਇੱਕ ਕਰੋੜ ਰੁਪਏ ਦੇਵੇਗੀ

ਨਵੀਂ ਦਿੱਲੀ, 25 ਸਤੰਬਰ (ਪੋਸਟ ਬਿਊਰੋ)- ਬੋਇੰਗ 737 ਮੈਕਸ ਜਹਾਜ਼ਾਂ ਦੇ ਦੋ ਹਾਦਸਿਆਂ ਵਿੱਚ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਕੁੱਲ 355 ਕਰੋੜ ਰੁਪਏ ਦੇਵੇਗੀ। ਹਰ ਪਰਵਾਰ ਨੂੰ ਬੋਇੰਗ ਇੱਕ-ਇੱਕ ਕਰੋੜ ਰੁਪਏ ਵਿੱਤੀ ਮਦਦ ਦੇ ਰੂਪ ਵਿੱਚ ਦੇਵੇਗੀ। ਇਹ ਪੈਸਾ 710 ਕਰੋੜ ਰੁਪਏ ਦੇ ਵਿੱਤੀ ਸਹਾਇਤਾ ਫੰਡ 'ਚੋਂ ਦਿੱਤਾ ਜਾਏਗਾ, ਜਿਹੜਾ ਕੰਪਨੀ ਨੇ ਜੁਲਾਈ ਵਿੱਚ ਐਲਾਨ ਕੀਤਾ ਸੀ। ਕੰਪਨੀ ਨੇ ਲੋਕਾਂ ਦੇ ਦਾਅਵਿਆਂ ਨੂੰ ਸਵੀਕਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਕੇਸ ਵਿੱਚ ਉਨ੍ਹਾਂ ਦਾਅਵਿਆਂ ਨੂੰ ਸਵੀਕਾਰ ਕੀਤਾ ਜਾਏਗਾ, ਜੋ 2020 ਦੇ ਪਹਿਲਾਂ ਦਾਖਲ ਕੀਤੇ ਜਾਣਗੇ।

15 ਪੀੜਤ ਪਰਵਾਰਾਂ ਦਾ ਅਗਵਾਈ ਕਰਨ ਵਾਲੇ ਟੈਕਸਾਸ ਦੇ ਨੋਮਾਨ ਹੁਸੈਨ ਨੇ ਕਿਹਾ ਕਿ ਇਹ ਰਕਮ ਉਨ੍ਹਾਂ ਪਰਵਾਰਾਂ ਲਈ ਮੁਆਵਜ਼ਾ ਨਹੀਂ ਹੋ ਸਕਦੀ। ਪੈਸਾ ਉਨ੍ਹਾਂ ਨੂੰ ਸੰਤੁਸ਼ਟ ਨਹੀਂ ਕਰ ਸਕਦਾ। ਲੋਕ ਇਨਸਾਫ ਚਾਹੁੰਦੇ ਹਨ। ਬੋਇੰਗ ਦੇ ਦੋ 737 ਮੈਕਸ ਜਹਾਜ਼ ਅੱਗੜ-ਪਿੱਛੜ ਹਾਦਸੇ ਦਾ ਸ਼ਿਕਾਰ ਹੋਏ ਸਨ। ਅਕਤੂਬਰ 2018 ਵਿੱਚ ਲਾਇਨ ਏਅਰ ਦੀ ਫਲਾਈਟ 610 ਕ੍ਰੈਸ਼ ਹੋ ਗਈ ਸੀ। ਜਹਾਜ਼ ਵਿੱਚ ਸਵਾਰ ਸਾਰੇ 189 ਲੋਕ ਮਾਰੇ ਗਏ ਸਨ। ਇਸ ਦੇ ਪੰਜ ਮਹੀਨੇ ਬਾਅਦ ਇਥੋਪੀਅਨ ਏਅਰਲਾਈਨ ਦੀ




ਫਲਾਈਟ 302 ਟੇਕ ਆਫ ਦੇ ਬਾਅਦ ਕ੍ਰੈਸ਼ ਹੋ ਗਈ ਸੀ। ਇਸ ਵਿੱਚ ਸਵਾਰ ਸਾਰੇ 157 ਲੋਕ ਮਾਰੇ ਗਏ। ਇਸ ਤਰ੍ਹਾਂ ਕੁੱਲ 346 ਲੋਕ ਮਾਰੇ ਗਏ ਸਨ। ਇਸ ਕੇਸ ਵਿੱਚ ਇਨਸਾਫ ਦੇ ਲਈ ਪੀੜਤਾਂ ਦੇ ਪਰਵਾਰ ਵਾਲੇ ਕੋਰਟ ਵਿੱਚ ਮੁਕੱਦਮਾ ਲੜ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੰਪਨੀ ਦੀ ਲਾਪਰਵਾਹੀ ਅਤੇ ਸੁਰੱਖਿਆ ਉਪਾਵਾਂ ਦੀ ਅਣਦੇਖੀ ਕਰਨ ਕਾਰਨ ਇਹ ਹਾਦਸੇ ਹੋਏ ਹਨ।

ਕੰਪਨੀ ਨੇ ਹਾਦਸੇ ਪਿੱਛੋਂ ਜੁਲਾਈ ਵਿੱਚ 710 ਕਰੋੜ ਰੁਪਏ ਦਾ ਵਿੱਤੀ ਫੰਡ ਪੀੜਤ ਪਰਵਾਰਾਂ ਲਈ ਬਣਾਇਆ ਸੀ। ਅੱਧਾ ਪੈਸਾ ਕੰਪਨੀ ਸਿੱਧੇ ਮੁਆਵਜ਼ੇ ਵਜੋਂ ਦੇ ਰਹੀ ਹੈ ਅਤੇ ਬਾਕੀ ਉਨ੍ਹਾਂ ਦੇ ਪਰਵਾਰਾਂ 'ਤੇ ਖਰਚ ਕਰਨ ਦਾ ਵਾਅਦਾ ਕੀਤਾ ਹੈ। ਇਸ 'ਤੇ ਪਰਵਾਰਾਂ ਦਾ ਕਹਿਣਾ ਹੈ ਕਿ ਕੰਪਨੀ ਬਾਕੀ ਪੈਸਾ ਕਿਵੇਂ ਖਰਚ ਕਰੇਗੀ? ਇਹ ਸਾਫ ਨਹੀਂ। ਕੰਪਨੀ ਨੂੰ ਇਸ ਬਾਰੇ ਸਪੱਸ਼ਟ ਤਰੀਕੇ ਨਾਲ ਦੱਸਣਾ ਹੋਵੇਗਾ ਕਿ ਇਹ ਪੈਸਾ ਕਿਵੇਂ ਅਤੇ ਕਿੱਥੇ ਖਰਚ ਕੀਤਾ ਜਾਏਗਾ।

## ਵਿਗਿਆਨਕਾਂ ਦੀ 23 ਸਾਲ ਦੀ ਮਿਹਨਤ ਪਿੱਛੋਂ ਭਿੰਡੀ ਲਾਲ ਹੋਈ

ਵਾਰਾਨਸੀ, 25 ਸਤੰਬਰ (ਪੋਸਟ ਬਿਊਰੋ)- ਭਾਰਤੀ ਖੇਤੀ ਵਿਗਿਆਨਕਾਂ ਦੀ 23 ਸਾਲ ਦੀ ਮਿਹਨਤ ਨਾਲ ਭਿੰਡੀ ਦੀ ਨਵੀਂ ਨਸਲ ਲਾਲ ਭਿੰਡੀ ਵਿਕਸਿਤ ਹੋ ਸਕੀ ਹੈ। ਇਸ ਦਾ ਨਾਮ ਕਾਸ਼ੀ ਲਾਲਿਮਾ ਰੱਖਿਆ ਗਿਆ ਹੈ।

ਵਾਰਾਨਸੀ ਵਿੱਚ ਭਾਰਤੀ ਸਬਜ਼ੀ ਖੋਜ ਕੇਂਦਰ ਸੰਸਥਾ ਦੇ ਵਿਗਿਆਨਕਾਂ ਨੇ ਇਹ ਕਮਾਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਭਿੰਡੀ ਐਂਟੀ ਆਕਸੀਡੈਂਟ, ਆਇਰਨ ਤੇ ਕੈਲਸ਼ੀਅਮ ਸਮੇਤ ਸਾਰੇ ਪੌਸ਼ਕ ਤੱਤਾਂ ਨਾਲ ਭਰਪੂਰ ਹੈ। ਇਸ ਦੀਆਂ ਕਈ ਕਿਸਮਾਂ ਨੂੰ ਵਿਗਿਆਨਕਾਂ ਨੇ ਵਿਕਸਿਤ ਕੀਤਾ ਹੈ। ਆਮ ਭਿੰਡੀ ਦੇ ਮੁਕਾਬਲੇ ਇਸ ਦੀ ਕੀਮਤ ਜ਼ਿਆਦਾ ਹੈ। ਕਾਸ਼ੀ ਲਾਲਿਮਾ ਭਿੰਡੀ ਦੀ ਵੱਖ-ਵੱਖ ਕਿਸਮਾਂ ਦੀ ਕੀਮਤ 100 ਤੋਂ 500 ਰੁਪਏ ਕਿਲੋ ਤੱਕ ਹੈ। ਦੱਸਿਆ ਜਾਂਦਾ ਹੈ ਕਿ ਲਾਲ ਰੰਗ ਦੀ ਭਿੰਡੀ ਪੱਛਮੀ ਦੇਸ਼ਾਂ ਵਿੱਚ ਮਿਲਦੀ ਹੈ ਤੇ ਭਾਰਤ ਵੀ ਉਥੋਂ ਆਪਣੇ ਇਸਤੇਮਾਲ ਲਈ ਮੰਗਵਾਉਂਦਾ ਹੈ।

## ਅਰਬਪਤੀ ਐਮ ਪੀ ਰਾਜ਼ਾ ਮਹਿੰਦਰ ਦੀ 'ਪਤਨੀ' ਨਾਲ ਰਹਿਣ ਦੀ ਮੰਗ ਲਈ ਕੋਰਟ ਪਹੁੰਚੀ



ਨਵੀਂ ਦਿੱਲੀ, 25 ਸਤੰਬਰ (ਪੋਸਟ ਬਿਊਰੋ)- ਰਾਜਾ ਮਹਿੰਦਰ ਦੇ ਨਾਂਅ ਨਾਲ ਮਸ਼ਹੂਰ ਅਰਬਪਤੀ ਰਾਜ ਸਭਾ ਮੈਂਬਰ ਮਹਿੰਦਰ ਪ੍ਰਸਾਦ ਇੱਕ ਕਾਨੂੰਨੀ ਉਲਝਣ ਵਿੱਚ ਫਸ ਗਏ ਹਨ। ਇੱਕ ਔਰਤ ਨੇ ਸੁਪਰੀਮ ਕੋਰਟ ਵਿੱਚ ਪਹੁੰਚ ਕੇ ਇਸ ਗੱਲ ਦਾ ਦਾਅਵਾ ਕੀਤਾ ਹੈ ਕਿ ਉਹ ਉਨ੍ਹਾਂ ਦੀ ਕਾਨੂੰਨੀ ਤੌਰ 'ਤੇ ਪਤਨੀ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਨਾਲ ਰਹਿਣ ਦਿੱਤਾ ਜਾਏ। ਬਿਹਾਰ ਦੀ 79 ਸਾਲਾ ਇਸ ਔਰਤ ਦਾ ਦਾਅਵਾ ਹੈ ਕਿ ਉਹ ਸੱਤ ਵਾਰ ਪਾਰਲੀਮੈਂਟ ਮੈਂਬਰ ਰਹਿ ਚੁੱਕੇ ਰਾਜਾ ਮਹਿੰਦਰ ਦੇ ਨਾਲ ਪਿਛਲੇ 45 ਸਾਲਾਂ ਤੋਂ ਰਹਿ ਰਹੀ ਹੈ। ਇਸ ਔਰਤ ਨੇ ਦਿੱਲੀ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਉਨ੍ਹਾਂ ਨੂੰ ਚਾਰ ਹਫਤੇ ਲਈ ਰਾਜ ਸਭਾ ਮੈਂਬਰ ਤੋਂ ਵੱਖ ਰਹਿਣ ਦਾ ਹੁਕਮ ਦਿੱਤਾ ਗਿਆ ਹੈ। ਕੱਲ੍ਹ ਸੁਪਰੀਮ ਕਰੋਟ ਵਿੱਚ ਜਸਟਿਸ ਆਰ ਭਾਨੂੰਮਤੀ ਦੀ ਅਗਵਾਈ ਵਾਲੀ ਬੈਂਚ ਦੇ ਸਾਹਮਣੇ ਇਹ ਕੇਸ ਸੁਣਵਾਈ ਦੇ ਲਈ ਆਇਆ। ਔਰਤ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਹਾਈ ਕੋਰਟ ਨੇ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਨਾਲ ਗੈਰ ਕਾਨੂੰਨੀ ਪ੍ਰਕਿਰਿਆ ਦਾ ਪਾਲਣ ਕੀਤਾ ਹੈ, ਜਦ ਕਿ ਸੰਸਦ ਮੈਂਬਰ ਵੀ ਮਹਿਲਾ ਦੇ ਨਾਲ ਰਹਿਣਾ ਚਾਹੰਦੇ ਹਨ।

## ਫਾਰਮ ਮਸ਼ੀਨਰੀ ਦੀ ਐਪ ਜਾਰੀ, ਕਿਸਾਨਾਂ ਵਾਸਤੇ ਕਿਰਾਏ ਉੱਤੇ ਮਸ਼ੀਨਰੀ ਮਿਲੇਗੀ

ਨਵੀਂ ਦਿੱਲੀ, 25 ਸਤੰਬਰ (ਪੋਸਟ ਬਿਊਰੋ)- ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਲਘੂ ਅਤੇ ਸੀਮਾਂਤ ਕਿਸਾਨਾਂ ਨੂੰ ਘਰ ਬੈਠੇ ਖੇਤੀ ਵਿੱਚ ਮਸ਼ੀਨਰੀ ਹਾਸਲ ਕਰਾਉਣ ਲਈ ਮੋਬਾਈਲ ਫੋਨ ਆਧਾਰਤ ਕਸਟਮਰ ਹਾਇਰਿੰਗ ਸੈਂਟਰ ਫਾਰਮ ਮਸ਼ੀਨਰੀ ਐਪ ਜਾਰੀ ਕੀਤਾ ਹੈ। ਉਨ੍ਹਾ ਕਿਹਾ ਕਿ ਛੋਟੇ ਕਿਸਾਨ ਫਾਰਮ ਮਸ਼ੀਨਰੀ ਖਰੀਦਣ ਦੇ ਸਮਰਥ ਨਹੀਂ ਹੁੰਦੇ ਅਤੇ ਬੈਂਕ ਵੀ ਉਨ੍ਹਾਂ ਦੀ ਮਦਦ ਨਹੀਂ ਕਰਦਾ, ਜਦ ਕਿ ਵੱਡੇ ਕਿਸਾਨ ਫਾਰਮ ਮਸ਼ੀਨਰੀ ਖਰੀਦ ਸਕਦੇ ਹਨ ਅਤੇ ਬੈਂਕ ਵੀ ਉਨ੍ਹਾਂ ਦੀ ਮਦਦ ਕਰਦਾ ਹੈ। ਇਸੇ ਨੂੰ ਧਿਆਨ ਵਿੱਚ ਰੱਖ ਕੇ ਫਾਰਮ ਮਸ਼ੀਨਰੀ ਐਪ ਦਾ ਵਿਕਾਸ ਕੀਤਾ ਗਿਆ ਹੈ। ਇਸ ਦੇ ਜ਼ਰੀਏ ਕਿਸਾਨਾਂ ਨੂੰ ਪੰਜਾਹ ਕਿਲੋਮੀਟਰ ਦੇ ਦਾਇਰੇ ਵਿੱਚ ਅਜਿਹੇ ਕੇਂਦਰਾਂ, ਉਥੇ ਉਪਲਬਧ ਮਸ਼ੀਨਾਂ ਅਤੇ ਉਸ ਦੇ ਕਿਰਾਏ ਦੀ ਜਾਣਕਾਰੀ ਮਿਲ ਸਕੇਗੀ।



ਇਸ ਬਾਰੇ ਖੇਤੀ ਮੰਤਰੀ ਨੇ ਕਿਹਾ ਕਿ ਇਨ੍ਹਾਂ ਮਸ਼ੀਨਾਂ ਬਾਰੇ ਦੇਸ਼ ਵਿੱਚ ਚਾਲੀ ਹਜ਼ਾਰ ਕੇਂਦਰ ਬਣਾਏ ਗਏ ਹਨ ਤੇ ਇੱਕ ਲੱਖ 41 ਹਜ਼ਾਰ ਕਿਸਾਨ ਇਸ ਨਾਲ ਜੁੜ ਗਏ ਹਨ। ਨਵੀਆਂ ਸਹੂਲਤਾਂ ਹਾਸਲ ਹੋਣ ਨਾਲ ਕਿਸਾਨਾਂ ਦੀਆਂ ਫਸਲਾਂ ਦੀ ਉਤਪਾਦਕਤਾ ਵਧੇਗੀ, ਜਿਸ ਤੋਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਵਿੱਚ ਮਦਦ ਮਿਲੇਗੀ। ਖੇਤੀ ਮੰਤਰੀ ਨੇ ਕਿਸਾਨਾਂ ਦੇ ਖੇਤਾਂ ਬਾਰੇ ਕੀਤੇ ਜਾਣ ਵਾਲੇ ਪ੍ਰਦਰਸ਼ਨੀ ਖੇਤੀ ਨੂੰ ਜੀਓ ਟੈਗਿੰਗ ਕਰਨ ਲਈ ਖੇਤੀ ਕਿਸਾਨ ਮੋਬਾਈਲ ਐਪ ਵੀ ਜਾਰੀ ਕੀਤਾ। ਇਸ ਤੋਂ ਕਿਸਾਨਾਂ ਨੂੰ ਪ੍ਰਦਰਸ਼ਨੀ ਖੇਤੀ ਦੀ ਜਾਣਕਾਰੀ ਮਿਲ ਸਕੇਗੀ ਅਤੇ ਪ੍ਰਦਰਸ਼ਨੀ ਖੇਤੀ ਦੇ ਲਈ ਦਿੱਤੀ ਜਾਣ ਵਾਲੀ ਮਦਦ ਵਿੱਚ ਪਾਰਦਰਸ਼ਿਤਾ ਆ ਸਕੇਗੀ।

## ਗ੍ਰੇਟ ਖਲੀ ਬਾਰੇ ਕਿਤਾਬ ਲਿਖਣ ਵਾਲੇ ਵਿਨੀਤ ਬਾਂਸਲ ਨੂੰ ਨੋਟਿਸ

ਚੰਡੀਗੜ੍ਹ, 25 ਸਤੰਬਰ (ਪੋਸਟ ਬਿਊਰੋ)- ਡਬਲਯੂ ਡਬਲਯੂ ਡਬਲਯੂ ਵਾਲੇ ਰੈਸਲਰ ਦਲੀਪ ਸਿੰਘ ਉਰਫ ਗ੍ਰੇਟ ਖਲੀ ਉੱਤੇ ਬਣ ਰਹੀ ਬਾਲੀਵੁੱਡ ਫਿਲਮ ਦੀ ਰਾਇਲਟੀ ਦੇ ਹਿੱਸੇ ਦਾ ਰੇੜਕਾ ਪੰਜਾਬ ਹਰਿਆਣਾ ਹਾਈ ਕੋਰਟ ਤੱਕ ਚਲਾ ਗਿਆ ਹੈ। ਫਿਲਮ ਦੀ ਰਾਇਲਟੀ ਵਿੱਚ ਹਿੱਸਾ ਮੰਗਣ ਵਾਲੇ ਲੇਖਕ ਵਿਨੀਤ ਬਾਂਸਲ ਦੇ ਖਿਲਾਫ ਖਲੀ ਦੀ ਅਰਜ਼ੀ ਉਤੇ ਜਸਟਿਸ ਬੀ ਐੱਸ ਵਾਲੀਆ ਦੀ ਬੈਂਚ ਨੇ ਨੋਟਿਸ ਜਾਰੀ ਕਰ ਕੇ 16 ਅਕਤੂਬਰ ਤੱਕ ਜਵਾਬ ਮੰਗਿਆ ਹੈ।

ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਖਲੀ ਨੇ ਕਿਹਾ ਹੈ ਕਿ ਉਨ੍ਹਾਂ ਉਤੇ ਕਿਤਾਬ ਲਿਖਣ ਵਾਲਾ ਵਿਨੀਤ ਬਾਂਸਲ ਉਨ੍ਹਾਂ 'ਤੇ ਪ੍ਰਸਤਾਵਿਤ ਬਾਲੀਵੁੱਡ ਫਿਲਮ ਵਿੱਚ ਰਾਇਲਟੀ ਦੀ ਮੰਗ ਕਰ ਰਿਹਾ ਹੈ। ਇਸ ਮੰਗ ਬਾਰੇ ਉਸ ਨੇ ਗਿੱਦੜਬਾਹਾ ਅਦਾਲਤ ਵਿੱਚ ਖਲੀ ਦੇ ਖਿਲਾਫ ਕੇਸ ਵੀ ਕੀਤਾ ਹੈ। ਪਟੀਸ਼ਨ ਦੇ ਮੁਤਾਬਕ ਕਿਤਾਬ ਲਿਖਣ ਤੋਂ ਪਹਿਲਾਂ ਹੀ ਬਾਂਸਲ ਅਤੇ ਖਲੀ ਦਾ ਸਮਝੌਤਾ ਹੋਇਆ ਸੀ ਕਿ ਇਸ ਦੇ ਸੰਬੰਧ ਵਿੱਚ ਕੋਈ ਵੀ ਵਿਵਾਦ ਹੋਣ 'ਤੇ ਉਸ ਦਾ ਨਿਪਟਾਰਾ ਜਲੰਧਰ ਅਦਾਲਤ ਵਿੱਚ ਕੀਤਾ ਜਾਵੇਗਾ। ਇਸ ਪਟੀਸ਼ਨ ਵਿੱਚ ਕਿਹਾ ਕਿ ਹੈ ਕਿ ਪ੍ਰਸਤਾਵਿਤ ਫਿਲਮ ਉਨ੍ਹਾਂ ਦੀ ਜ਼ਿੰਦਗੀ 'ਤੇ ਬਣੇਗੀ ਅਤੇ ਇਸ ਵਿੱਚ ਬਾਂਸਲ ਦੀ ਲਿਖੀ ਕਿਤਾਬ ਦੇ ਅੰਸ਼ ਸ਼ਾਮਲ ਕੀਤੇ ਜਾਣ ਦੀ ਬਹੁਤ ਘੱਟ ਸੰਭਾਵਨਾ ਹੈ। ਹਾਈ ਕੋਰਟ ਵਿੱਚ ਕੱਲ੍ਹ ਖਲੀ ਦੇ ਨਿੱਜੀ ਤੌਰ 'ਤੇ ਪਹੁੰਚਣ ਕਾਰਨ ਉਨ੍ਹਾਂ ਦੇ ਪ੍ਰਸ਼ੰਸਕਾਂ ਦੀ ਭੀੜ ਇਕੱਠੀ ਹੋ ਗਈ। ਹਾਈ ਕੋਰਟ ਦੇ ਗਲਿਆਰਿਆਂ ਵਿੱਚ ਲੋਕ ਖਲੀ ਦੇ ਆਸਪਾਸ ਆਪਣੇ ਮੋਬਾਈਲਾਂ ਨਾਲ ਸੈਲਫੀ ਖਿੱਚਣ ਵਿੱਚ ਲੱਗੇ ਰਹੇ। ਆਪਣੀ ਉਚੇ ਲੰਮੇ ਕਦ ਕੱਠ ਦੇ ਨਾਲ ਖਲੀ ਹਾਈ ਕੋਰਟ ਦੇ ਗਲਿਆਰੇ ਵਿੱਚ ਲੋਕਾਂ ਦੇ ਵਿੱਚ ਅਲੱਗ ਹੀ ਨਜ਼ਰ ਆਉਂਦੇ ਰਹੇ।

## ਦਿੱਲੀ ਗੁਰਦੁਆਰਾ ਕਮੇਟੀ ਨੇ ਫੌਜਦਾਰੀ ਕੇਸ ਦਰਜ ਕਰਵਾਇਆ

### * ਮਾਮਲਾ ਅੰਮ੍ਰਿਤਧਾਰੀ ਸਿੱਖ ਨੌਜਵਾਨ ਨੂੰ ਪ੍ਰੀਖਿਆ ਦੇਣ ਤੋਂ ਰੋਕਣ ਦਾ

ਨਵੀਂ ਦਿੱਲੀ, 25 ਸਤੰਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਮ੍ਰਿਤਧਾਰੀ ਨੌਜਵਾਨ ਹਰਮੀਤ ਸਿੰਘ ਨੂੰ ਦਿੱਲੀ ਅਧੀਨ ਸੇਵਾਵਾਂ ਬੋਰਡ ਦੀ ਪ੍ਰੀਖਿਆ ਦੇਣ ਤੋਂ ਰੋਕਣ ਉਤੇ ਕੇਸ ਦਰਜ ਕਰਵਾਇਆ ਹੈ।

ਇਥੇ ਜਾਰੀ ਕੀਤੇ ਬਿਆਨ ਵਿੱਚ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਹਰਮੀਤ ਸਿੰਘ, ਜੋ ਅੰਮ੍ਰਿਤਧਾਰੀ ਸਿੱਖ ਹੈ, ਨੂੰ ਡੀ ਐੱਸ ਐੱਸ ਬੀ ਦੀ ਪ੍ਰੀਖਿਆ ਦੇਣ ਤੋਂ ਰੋਕਿਆ ਗਿਆ, ਕਿਉਂਕਿ ਉਸ ਨੇ ਪੰਜ ਕੱਕਾਰ ਧਾਰਨ ਕੀਤੇ ਹੋਏ ਸਨ। ਉਨ੍ਹਾਂ ਕਿਹਾ ਕਿ ਇਸ ਸਿੱਖ ਨੌਜਵਾਨ ਨੂੰ ਇਹ ਕਿਹਾ ਗਿਆ ਕਿ ਉਹ ਕੱਕਾਰਾਂ ਦੇ ਨਾਲ ਪ੍ਰੀਖਿਆ ਨਹੀਂ ਦੇ ਸਕਦਾ। ਸਿਰਸਾ ਨੇ ਕਿਹਾ ਕਿ ਹੈਰਾਨੀ ਦੀ ਗੱਲ ਇਹ ਕਿ ਇਹ ਸਭ ਵਿਤਕਰਾ ਉਦੋਂ ਕੀਤਾ ਗਿਆ



ਜਦੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਬਾਠ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਹਾਈ ਕੋਰਟ ਦੇ ਹੁਕਮ ਹਨ ਕਿ ਕਿਸੇ ਸਿੱਖ ਨੂੰ ਕੱਕਾਰਾਂ ਕਾਰਨ ਪ੍ਰੀਖਿਆ ਦੇਣ ਤੋਂ ਨਹੀਂ ਰੋਕਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਓਥੇ ਮੌਜੂਦ ਸਤੀਸ਼ ਕਨੌਜੀਆ ਨਾਂਅ ਦੇ ਅਧਿਕਾਰੀ ਨੇ ਹਾਈ ਕੋਰਟ ਦੇ ਹੁਕਮਾਂ ਦੀ ਪ੍ਰਵਾਹ ਕੀਤੇ ਬਿਨਾਂ ਜਵਾਬ ਦਿੱਤਾ ਕਿ ਉਸ ਨੇ ਡਿਪਟੀ ਸੈਕਟਰੀ ਏ ਪੀ ਸ਼ਰਮਾ ਨਾਲ ਗੱਲ ਕਰ ਲਈ ਹੈ, ਜਿਨ੍ਹਾਂ ਕਹਿ ਦਿੱਤਾ ਹੈ ਕਿ ਕੱਕਾਰਾਂ ਨਾਲ ਪ੍ਰੀਖਿਆ ਵਿੱਚ ਨਾ ਬੈਠਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਧਾਰਮਿਕ ਵਿਤਕਰਾ ਬੜਾ ਵੱਡਾ ਅਪਰਾਧ ਹੈ, ਜਿਹੜਾ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਨੱਕ ਥੱਲੇ ਹੋ ਰਿਹਾ ਹੈ ਅਤੇ ਇਸ ਪਾਰਟੀ ਦੀ ਸਰਕਾਰ ਵਿੱਚ ਚਾਰ ਸਿੱਖ ਵਿਧਾਇਕ ਹਨ ਅਤੇ ਉਨ੍ਹਾਂ ਤੱਕ ਵੀ ਮਾਮਲਾ ਪਹੁੰਚਿਆ, ਪਰ ਉਨ੍ਹਾਂ ਨੇ ਕੋਈ ਕਾਰਵਾਈ ਨਹੀਂ ਕੀਤੀ।

# ਸਿੰਧ ਹਾਈ ਕੋਰਟ ਵੱਲੋਂ ਪਾਕਿਸਤਾਨ ਵਿੱਚ ਹਿੰਦੂ ਕੁੜੀ ਦੀ ਮੌਤ ਦੀ ਜੁਡੀਸ਼ਲ ਜਾਂਚ ਦੇ ਆਦੇਸ਼



ਇਸਲਾਮਾਬਾਦ, 25 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਲੜਕਾਨਾ ਵਿਚਲੀ ਇੱਕ ਯੂਨੀਵਰਸਿਟੀ ਦੀ ਹਿੰਦੂ ਵਿਦਿਆਰਥਣ ਨਿਮਿਰਤਾ ਕੁਮਾਰੀ ਦੀ ਬੀਤੇ ਦਿਨੀਂ ਭੇਦ ਭਰੀ ਮੌਤ ਦੇ ਕੇਸ ਵਿਚ ਸਿੰਧ ਹਾਈ ਕੋਰਟ ਨੇ ਜੁਡੀਸ਼ਲ ਜਾਂਚ ਦਾ ਆਦੇਸ਼ ਦੇ ਦਿੱਤਾ ਹੈ। ਪਾਕਿਸਤਾਨੀ ਮੀਡੀਆ ਦੀ ਰਿਪੋਰਟ ਵਿਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸਿੰਧ ਹਾਈ ਕੋਰਟ ਨੇ ਲੜਕਾਨਾ ਦੇ ਸੈਸ਼ਨ ਅਤੇ ਜ਼ਿਲਾ ਜੱਜ ਨੂੰ ਚਿੱਠੀ ਲਿਖ ਕੇ ਇਹ ਆਦੇਸ਼ ਦਿੱਤਾ ਹੈ।

ਵਰਨਣ ਯੋਗ ਹੈ ਕਿ ਲੜਕਾਨਾ ਦੀ ਬੇਨਜ਼ੀਰ ਭੁੱਟੋ ਮੈਡੀਕਲ ਯੂਨੀਵਰਸਿਟੀ ਦੇ ਬੀਬੀ ਆਸਿਫਾ ਡੈਂਟਲ ਕਾਲਜ ਦੀ ਫਾਈਨਲ ਯੀਅਰ ਦੀ ਵਿਦਿਆਰਥਣ ਨਿਮਿਰਤਾ ਦੀ ਮੌਤ ਦੀ ਜੁਡੀਸ਼ਲ ਜਾਂਚ ਬਾਰੇ ਸਿੰਧ ਦੀ ਸਰਕਾਰ ਨੇ ਸੈਸ਼ਨ ਜੱਜ ਨੂੰ ਚਿੱਠੀ ਲਿਖੀ ਸੀ, ਪਰ ਸੈਸ਼ਨ ਜੱਜ ਨੇ ਕਿਹਾ ਸੀ ਕਿ ਸਿੰਧ ਹਾਈ ਕੋਰਟ ਤੋਂ ਆਦੇਸ਼ ਮਿਲਣ ਉੱਤੇ ਹੀ ਜਾਂਚ ਸ਼ੁਰੂ ਕਰਨਗੇ। ਕੱਲ੍ਹ ਹਾਈ ਕੋਰਟ ਤੋਂ ਆਦੇਸ਼ ਮਿਲਣ ਦੇ ਬਾਅਦ ਜਾਂਚ ਦਾ ਰਸਤਾ ਸਾਫ ਹੋ ਗਿਆ ਹੈ।

ਇਸ ਦੌਰਾਨ ਨਿਮਿਰਤਾ ਦੀ ਕੈਮੀਕਲ ਟੈਸਟ ਰਿਪੋਰਟ ਰੋਹੜੀ ਦੀ ਸਰਕਾਰੀ ਲੈਬੋਰਟਰੀ ਵੱਲੋਂ ਜਾਰੀ ਕੀਤੀ ਗਈ ਹੈ। ਤਿੰਨ ਡਾਕਟਰਾਂ ਦੇ ਦਸਖਤਾਂ ਨਾਲ ਰਿਪੋਰਟ ਵਿਚ ਲਿਖਿਆ ਹੈ ਕਿ ਨਿਮਿਰਤਾ ਦੀ ਦੋ ਤਰ੍ਹਾਂ ਜਾਂਚ ਕੀਤੀ ਗਈ। ਇਨ੍ਹਾਂ ਵਿਚ ਨਿਮਿਰਤਾ ਨੂੰ ਕੋਈ ਜ਼ਹਿਰ ਦਿੱਤੇ ਜਾਣ ਦੇ ਸਬੂਤ ਨਹੀਂ ਮਿਲੇ ਤੇ ਨਾ ਸਰੀਰ ਵਿਚ ਕਿਸੇ ਤਰ੍ਹਾਂ ਦੇ ਨਸ਼ੀਲੇ ਪਦਾਰਥ ਦਾ ਸਬੂਤ ਹੈ। ਪੁਲਸ ਸਰਜਨ ਡਾਕਟਰ ਸ਼ਮਸ ਖੋਸੋ ਨੇ ਕਿਹਾ ਕਿ ਨਿਮਿਰਤਾ ਦੀ ਹਿਸਟੋਪੈਥੋਲੌਜੀ ਰਿਪੋਰਟ ਦੀ ਉਡੀਕ ਹੋ ਰਹੀ ਹੈ। ਇਸ ਰਿਪੋਰਟ ਦੇ ਬਾਅਦ ਆਖਰੀ ਪੋਸਟਮਾਰਟਮ ਰਿਪੋਰਟ ਜਾਰੀ ਕੀਤੀ ਜਾਵੇਗੀ ਅਤੇ ਮੌਤ ਦੇ ਅਸਲੀ ਕਾਰਨਾਂ ਦਾ ਖੁਲਾਸਾ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਿਹਾ ਸੀ ਕਿ 16 ਸਤੰਬਰ ਨੂੰ ਹੋਸਟਲ ਦੇ ਕਮਰੇ ਵਿਚ ਹੋਈ ਨਿਮਿਰਤਾ ਦੀ ਮੌਤ ਦਾ ਕਾਰਨ ਖ਼ੁਦਕੁਸ਼ੀ ਲੱਗਦਾ ਹੈ। ਮੁੱਢਲੀ ਪੋਸਟਮਾਰਟਮ ਰਿਪੋਰਟ ਵਿਚ ਵੀ ਇਹ ਹੀ ਇਸ਼ਾਰਾ ਕੀਤਾ ਗਿਆ, ਪਰ ਨਿਮਿਰਤਾ ਦੇ ਪਰਿਵਾਰ ਵਾਲਿਆਂ ਨੇ ਇਸ ਨੂੰ ਹੱਤਿਆ ਦਾ ਮਾਮਲਾ ਕਿਹਾ ਹੈ। ਪੁਲਸ ਨੇ ਇਸ ਮਾਮਲੇ ਵਿਚ 40 ਲੋਕਾਂ ਤੋਂ ਪੁੱਛਗਿੱਛ ਕੀਤੀ ਹੈ ਅਤੇ ਨਿਮਿਰਤਾ ਦੇ ਦੋ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ।

# ਮੇਰੀ ਥਾਂ ਤੁਸੀਂ ਹੁੰਦੇ ਤਾਂ ਹਾਰਟ ਅਟੈਕ ਆ ਜਾਂਦਾ: ਇਮਰਾਨ



ਇਸਲਾਮਾਬਾਦ, 25 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਜੰਮੂ-ਕਸ਼ਮੀਰ ਦੇ ਮਸਲੇ ਉੱਤੇ ਸਰੰਡਰ ਕਰ ਦਿੱਤਾ ਹੈ। ਮੰਗਲਵਾਰ ਇਕ ਪ੍ਰੈੱਸ ਕਾਨਫਰੰਸ ਮੌਕੇ ਉਨ੍ਹਾਂ ਕਿਹਾ ਕਿ ਅਸੀਂ ਭਾਰਤ ਉੱਤੇ ਹਮਲਾ ਨਹੀਂ ਕਰ ਸਕਦੇ। ਇਸੇ ਦੌਰਾਨ ਉਨ੍ਹਾਂ ਕਿਹਾ ਕਿ ਉਹ ਇਸ ਵੇਲੇ ਬਹੁਤ ਮੁਸ਼ਕਿਲ ਦੌਰ ਤੋਂ ਲੰਘ ਰਹੇ ਹਨ ਤੇ ਜੇ ਉਨ੍ਹਾਂ ਦੀ ਥਾਂ ਕੋਈ ਹੋਰ ਹੁੰਦਾ ਤਾਂ ਉਸ ਨੂੰ ਹਾਰਟ ਅਟੈਕ ਆ ਜਾਣਾ ਸੀ।

ਨਿਊਯਾਰਕ ਵਿੱਚ ਇਮਰਾਨ ਖਾਨ ਕੌਂਸਲ ਫਾਰ ਫਾਰਨ ਰਿਲੇਸ਼ਨ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ, ਜਿਥੇ ਉਨ੍ਹਾਂ ਤੋਂ ਪਾਕਿਸਤਾਨ ਦੀ ਮੌਜੂਦਾ ਸਥਿਤੀ ਬਾਰੇ ਸਵਾਲ ਕੀਤਾ ਗਿਆ ਅਤੇ ਚੀਨ ਵਿੱਚ ਉਈਗਰ ਮੁਸਲਮਾਨਾਂ ਨਾਲ ਹੋ ਰਹੇ ਵਤੀਰੇ ਬਾਰੇ ਪੁੱਛਿਆ ਗਿਆ। ਜਵਾਬ ਦਿੰਦੇ ਹੋਏ ਇਮਰਾਨ ਖਾਨ ਇਸ ਬਾਰੇ ਕੁਝ ਨਹੀਂ ਬੋਲੇ, ਪਰ ਆਪਣਾ ਦਰਦ ਦੁਨੀਆ ਦੇ ਸਾਹਮਣੇ ਦੱਸਣ ਲੱਗ ਪਏ। ਕੌਂਸਲ ਫਾਰ ਫਾਰਨ ਰਿਲੇਸ਼ਨ ਦੇ ਪ੍ਰੈਸੀਡੈਂਟ ਰਿਸਰਚ ਹੈਸ ਨੇ ਇਮਰਾਨ ਨੂੰ ਸਵਾਲ ਕੀਤਾ ਕਿ ਤੁਸੀਂ ਜਾਣਦੇ ਹੋ ਕਿ ਚੀਨ ਇਸ ਵੇਲੇ ਉਈਗਰ ਮੁਸਲਮਾਨਾਂ ਦੇ ਨਾਲ ਕੀ ਕਰ ਰਿਹਾ ਹੈ। ਇਸ ਸਵਾਲ ਦਾ ਜਵਾਬ ਦਿੰਦੇ ਹੋਏ ਇਮਰਾਨ ਨੇ ਕਿਹਾ ਕਿ ਚੀਨ ਦੇ ਸਾਡੇ ਨਾਲ ਸ਼ਾਨਦਾਰ ਸਬੰਧ ਹਨ ਤੇ ਜੇ ਕੁਝ ਗੱਲ ਕਰਨੀ ਹੁੰਦੀ ਹੈ ਤਾਂ ਅਸੀਂ ਪ੍ਰਾਈਵੇਟਲੀ ਕਰਦੇ ਹਾਂ। ਜੇ ਤੁਸੀਂ ਉਸ ਵਿਅਕਤੀ ਦੀ ਗੱਲ ਕਰੋ, ਜਿਸ ਨੇ 13 ਮਹੀਨੇ ਪਹਿਲਾਂ ਪਾਕਿਸਤਾਨ ਦੀ ਸੱਤਾ ਸੰਭਾਲੀ ਹੈ, ਦੇਸ਼ ਆਰਥਿਕ ਮੰਦੀ ਨਾਲ ਜੂਝ ਰਿਹਾ ਹੋਵੇ, ਉਹ ਕੀ-ਕੀ ਦੇਖੇ। ਸਾਨੂੰ ਇਕ ਪਾਸੇ ਅਫਗਾਨਿਸਤਾਨ, ਇਰਾਨ, ਸਾਊਦੀ ਅਰਬ ਨੂੰ ਦੇਖਣਾ ਪੈ ਰਿਹਾ ਹੈ, ਓਧਰ ਅਮਰੀਕਾ ਹੈ। ਸਰਹੱਦ ਉੱਤੇ ਈਰਾਨ ਦਾ ਮਸਲਾ ਹੈ, ਅਫਗਾਨਿਸਤਾਨ ਹੈ ਤੇ ਭਾਰਤ ਨਾਲ ਵੀ ਕੁਝ ਚੱਲ ਰਿਹਾ ਹੈ। ਇਮਰਾਨ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਮੇਰੇ ਸਾਹਮਣੇ ਅਜੇ ਬਹੁਤ ਕੁਝ ਹੈ। ਤੁਸੀਂ ਵੀ ਮੰਨੋਗੇ। ਜੇ ਤੁਸੀਂ ਮੇਰੀ ਥਾਂ ਹੁੰਦੇ ਤਾਂ ਕੀ ਕਰਦੇ। ਮੈਨੂੰ ਪਤਾ ਹੈ ਕਿ ਤੁਹਾਨੂੰ ਹਾਰਟ ਅਟੈਕ ਆ ਜਾਂਦਾ। ਇਮਰਾਨ ਨੇ ਕਿਹਾ ਕਿ ਕ੍ਰਿਕਟ ਮੈਦਾਨ ਉੱਤੇ ਉਤਰਨ ਵੇਲੇ ਜਦੋਂ 90 ਹਜ਼ਾਰ ਲੋਕ ਤੁਹਾਨੂੰ ਦੇਖ ਰਹੇ ਹੁੰਦੇ ਹਨ ਤਾਂ ਇਕ ਪ੍ਰੈਸ਼ਰ ਹੁੰਦਾ ਹੈ, ਜੋ ਤੁਹਾਡੇ ਕਰੈਕਟਰ ਨੂੰ ਹੋਰ ਮੁਸ਼ਕਲ ਕਰਦਾ ਹੈ। ਇਸੇ ਮੁਸ਼ਕਲ ਕਿਰਦਾਰ ਕਾਰਨ ਮੈਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ।

# ਜਾਅਲੀ ਫੋਨ ਕਾਲਾਂ ਕਰ ਕੇ ਲੱਖਾਂ ਡਾਲਰ ਠੱਗਣ ਵਾਲੇ 13 ਕਾਬੂ



ਆਕਲੈਂਡ, 25 ਸਤੰਬਰ (ਪੋਸਟ ਬਿਊਰੋ)- ਵਿਦੇਸ਼ਾਂ 'ਚ ਭਾਰਤੀਆਂ ਦਾ ਇਕ ਵਰਗ ਆਪਣੇ ਭਾਈਚਾਰੇ ਦਾ ਨਾਂ ਅਤੇ ਕਿਰਦਾਰ ਉਚਾ ਚੁੱਕਣ ਲੱਗਾ ਹੋਇਆ ਹੈ, ਪਰ ਕੁਝ ਲੋਕ ਭਾਈਚਾਰੇ ਨੂੰ ਸ਼ਰਮਸਾਰ ਕਰਨ ਵਾਲੇ ਕੰਮ ਕਰਦੇ ਹਨ। ਕਾਫੀ ਸਮੇਂ ਤੋਂ ਇਹ ਚੱਲ ਰਿਹਾ ਸੀ ਕਿ ਧੋਖੇਬਾਜ਼ਾਂ ਦਾ ਕੌਮਾਂਤਰੀ ਗੈਂਗ ਏਥੇ ਆਪਣੇ ਕਰਿੰਦਿਆਂ ਦੀ ਮਦਦ ਨਾਲ ਲੋਕਾਂ ਨੂੰ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਨੁਮਾਇੰਦੇ ਬਣ ਕੇ ਨਕਲੀ ਫੋਨ ਕਾਲਾਂ ਕਰਦਾ ਸੀ ਅਤੇ ਕਈ ਤਰ੍ਹਾਂ ਦੇ ਵੀਜ਼ੇ, ਦੇਸ਼ ਵਾਪਸੀ ਅਤੇ ਹੋਰ ਜੁਰਮਾਨੇ ਦੇ ਡਰਾਵੇ ਦੇਕੇ ਪੈਸੇ ਕਢਵਾ ਲੈਂਦਾ ਸੀ।

ਇਹ ਗੈਂਗ ਲੈਂਡ ਲਾਈਨ ਉੱਤੇ ਬਜ਼ੁਰਗਾਂ ਨੂੰ ਫੋਨ ਕਰ ਕੇ ਅਤੇ ਗੁੰਝਲਦਾਰ ਕੇਸ ਦੱਸ ਕੇ ਉਨ੍ਹਾਂ ਦੀ ਆਖਰੀ ਸਮੇਂ ਦੀ ਕਮਾਈ ਕਢਵਾ ਲੈਂਦਾ ਸੀ। ਪੁਲਸ ਤੇ ਜਾਂਚ-ਪੜਤਾਲ ਦਸਤੇ ਕਾਫੀ ਸਮੇਂ ਤੋਂ ਇਸ ਗਰੋਹ ਦੇ ਮਗਰ ਸਨ। ਇਸ ਬਾਰੇ ਪੁਲਸ ਨੇ ਦੱਸਿਆ ਕਿ ਇਸ ਧੋਖਾਧੜੀ ਦੇ ਸਬੰਧ 'ਚ 13 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। 12 ਲੋਕ ਨਕਲੀ ਕਾਲਾਂ ਦੇ ਚੱਕਰ 'ਚ ਫਸੇ ਹਨ। ਪੁਲਸ ਨੇ ਇਸ ਬਾਰੇ ਆਪ੍ਰੇਸ਼ਨ 'ਡੈਡਵੁੱਡ' ਚਲਾਇਆ ਸੀ, ਜਿਸਦਾ ਮਤਲਬ ਹੁੰਦਾ ਹੈ ਕਿ ਹਰੇ-ਭਰੇ ਦਰੱਖਤ ਦੇ ਨਾਲ ਉਹ ਬੇਲੋੜੀ ਮਰੀ ਹੋਈ ਲੱਕੜੀ, ਜਿਸ ਦੀ ਲੋੜ ਨਹੀਂ। ਇਸ ਸਕੈਮ 'ਚ ਟੈਲੀਫੋਨ ਕੰਪਨੀ 'ਸਪਾਰਕ' ਦਾ ਨਾਂ ਬਹੁਤ ਵਰਤਿਆ ਗਿਆ। ਪੁਲਸ ਨੇ ਤਿੰਨ ਹੋਰ ਸ਼ੱਕੀ ਦੋਸ਼ੀਆਂ ਦੀ ਭਾਲ ਲਈ ਨਾਂ ਅਤੇ ਤਸਵੀਰਾਂ ਜਾਰੀ ਕੀਤੀਆਂ ਹਨ ਜੋ ਭਾਰਤੀ ਮੂਲ ਦੇ ਜਾਪਦੇ ਹਨ। ਇਨ੍ਹਾਂ 'ਚ ਸ਼ਾਮਲ ਹਨ ਹਿਤੇਸ਼ ਸ਼ਰਮਾ (22), ਤੁਸ਼ਾਰ ਪ੍ਰਭਾਕਰ(21) ਅਤੇ ਮਨੀਸ਼ ਖਾਨ(24)। ਇਨ੍ਹਾਂ ਤਿੰਨਾਂ ਦੇ ਆਕਲੈਂਡ ਖੇਤਰ ਦੇ 'ਚ ਹੋਣ ਦੀ ਸੰਭਾਵਨਾ ਹੈ। ਜੁਲਾਈ ਮਹੀਨੇ ਇਸੇ ਤਰ੍ਹਾਂ ਦੇ ਇਕ ਸਕੈਮ ਵਿੱਚ ਇਕ 26 ਸਾਲਾ ਪੰਜਾਬੀ ਮੁੰਡੇ ਅਤੇ 28 ਸਾਲਾ ਪੰਜਾਬੀ ਕੁੜੀ ਦਾ ਨਾਂ ਆ ਚੁੱਕਾ ਹੈ। ਇਹ ਸਾਰਾ ਮਾਮਲਾ ਹਵਾਲਾ ਕਾਰੋਬਾਰ ਨਾਲ ਵੀ ਜੁੜਿਆ ਹੈ ਅਤੇ ਇਸ ਦੀਆਂ ਤਾਰਾਂ ਦੂਰ ਤੱਕ ਜੁੜੀਆਂ ਹਨ।

ਪੁਲਸ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇ ਇਹ ਕਿਤੇ ਨਜ਼ਰ ਆਉਣ ਤਾਂ ਪੁਲਸ ਨੂੰ ਸੂਚਿਤ ਕੀਤਾ ਜਾਵੇ। ਇਸ ਤੋਂ ਇਲਾਵਾ ਆਨਲਾਈਨ ਸਕੈਮ ਵੀ ਜਾਰੀ ਹੈ ਅਤੇ ਕੀਵੀ ਪਿਛਲੇ ਸਾਲ 33 ਮਿਲੀਅਨ ਡਾਲਰ ਇਸੇ ਤਰ੍ਹਾਂ ਗੁਆ ਚੁੱਕੇ ਹਨ। ਜ਼ਿਕਰ ਯੋਗ ਹੈ ਕਿ ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਵਿਭਾਗ ਦੀ ਸਖਤੀ ਕਾਰਨ ਇਹੋ ਜਿਹੇ ਠੱਗਬਾਜ਼ੀ ਵਾਲੇ ਅਨੁਸਾਰ ਅਕਸਰ ਪਹਿਲਾਂ ਵੀ ਮੌਕੇ ਦਾ ਲਾਭ ਉਠਾ ਕੇ ਘਰਾਂ 'ਚ ਬੈਠੇ ਬਜ਼ੁਰਗਾਂ ਜਾਂ ਔਰਤਾਂ ਨੂੰ ਫੋਨ ਕਰਕੇ ਪੈਸਿਆ ਦੀ ਮੰਗ ਕਰਦੇ ਰਹੇ ਹਨ। ਪਹਿਲਾਂ ਵੀ ਇਕ ਔਰਤ ਤੋਂ ਉਸ ਦੇ ਪਤੀ ਦੀ ਗ੍ਰਿਫਤਾਰੀ ਦਾ ਕਹਿ ਦੇ ਪੈਸੇ ਠੱਗੇ ਗਏ ਸਨ।

# ਭਾਰਤੀ ਮੂਲ ਦੇ ਅਮਰੀਕੀ ਲੋਕ ਡੈਮੋਕ੍ਰੇਟਿਕ ਬਿਡੇਨ ਦੇ ਹੱਕ ਵਿੱਚ



ਕੈਲੇਫੋਰਨੀਆ, 25 ਸਤੰਬਰ (ਪੋਸਟ ਬਿਊਰੋ)- ਸਾਲ 2020 ਵਿੱਚ ਹੋ ਰਹੀਆਂ ਰਾਸ਼ਟਰਪਤੀ ਚੋਣ ਲਈ ਭਾਰਤੀ ਮੂਲ ਦੇ ਜ਼ਿਆਦਾ ਅਮਰੀਕੀ ਲੋਕ ਡੈਮੋਕ੍ਰੇਟਿਕ ਉਮੀਦਵਾਰ ਵਜੋਂ ਜੋਏ ਬਿਡੇਨ ਦੇ ਹੱਕ 'ਚ ਨਜ਼ਰ ਆ ਰਹੇ ਹਨ, ਪਰ ਫਿਰ ਵੀ ਨਾਮਜ਼ਦਗੀ ਚੋਣ 'ਚ ਤਿਕੋਣਾ ਮੁਕਾਬਲਾ ਹੋਣ ਦੀ ਸੰਭਾਵਨਾ ਹੈ।

ਸਾਬਕਾ ਉਪ-ਰਾਸ਼ਟਰਪਤੀ ਬਿਡੇਨ ਤੋਂ ਇਲਾਵਾ ਦੂਸਰੇ ਦੋ ਉਮੀਦਵਾਰਾਂ ਵਿਚ ਸੈਨੇਟਰ ਅਲਿਜ਼ਾਬੈਥ ਵਾਰਨ ਅਤੇ ਸੈਨੇਟਰ ਬਰਨੀ ਸੈਂਡਰਜ਼ ਸ਼ਾਮਲ ਹਨ। ਭਾਰਤੀ ਮੂਲ ਦੇ ਅਮਰੀਕੀਆਂ 'ਚ ਕਮਲਾ ਹੈਰਿਸ ਪ੍ਰਤੀ ਕੋਈ ਖਾਸ ਖਿੱਚ ਵਿਖਾਈ ਨਹੀਂ ਦੇ ਰਹੀ। 31 ਅਗਸਤ ਤੋਂ 4 ਸਤੰਬਰ ਕੀਤੇ ਗਏ ਆਨਲਾਈਨ ਸਰਵੇ ਵਿੱਚ ਚੀਨੀ ਮੂਲ ਦੇ ਜ਼ਿਆਦਾਤਰ ਅਮਰੀਕੀ ਅਜੇ ਜਕੋਤਕੀ ਵਿੱਚ ਹਨ, ਫਿਲਪੀਨੋ ਵੋਟਰਾਂ ਦਾ ਝੁਕਾਅ ਬਿਡੇਨ ਤੇ ਸੈਂਡਰਜ ਵੱਲ ਹੈ।

ਐਪਲ ਡੈਮੋਕ੍ਰੇਟਿਕ ਪ੍ਰੈਜ਼ੀਡੈਂਸ਼ਲ ਫੋਰਮ ਦੇ ਸੁਪਰ ਪੈਸੀਫਿਕ ਐਪਲ ਵਿਕਟਰੀ ਫੰਡ ਵਲੋਂ ਸੇਗਰਸਟਾਰਮ ਸੈਂਟਰ ਫਾਰ ਆਰਟਸ ਵਿਖੇ ਏਸ਼ੀਅਨ ਅਮਰੀਕਨ ਤੇ ਪੈਸੀਫਿਕ ਦੀਪ ਸਮੂਹ ਦੇ ਵੋਟਰਾਂ ਸਬੰਧੀ ਇਹ ਸਰਵੇਖਣ ਕੱਲ੍ਹ ਜਾਰੀ ਕੀਤਾ ਗਿਆ। ਜਦੋਂ ਵੋਟਰਾਂ ਨੂੰ ਪੁੱਛਿਆ ਗਿਆ ਕਿ ਡੈਮੋਕ੍ਰੇਟਿਕ ਉਮੀਦਵਾਰ ਵਜੋਂ ਉਹ ਕਿਸੇ ਦੇ ਹੱਕ ਵਿੱਚ ਹਨ ਤਾਂ ਚੀਨੀ ਮੂਲ ਦੇ ਬਹੁਤੇ ਅਮਰੀਕੀ ਜਕੋਤਕੀ ਦੇ ਬਾਵਜੂਦ ਐਂਡਰੀਉ ਯਾਂਗ ਦੇ ਹੱਕ ਵਿੱਚ ਵਿਖਾਈ ਦਿੱਤੇ। ਭਾਰਤੀ ਮੂਲ ਦੇ ਵੋਟਰਾਂ ਵਿੱਚ ਦੋ ਹਿੰਦੂ ਉਮੀਦਵਾਰਾਂ ਸੈਨੇਟਰ ਕਮਲਾ ਹੈਰਿਸ ਤੇ ਤੁਲਸੀ ਗਬਰਡ ਪ੍ਰਤੀ ਝੁਕਾਅ ਨਹੀਂ ਮਿਲਿਆ ਤੇ ਸਰਵੇਖਣ ਵਿੱਚ ਇਹ ਦੋਨੋਂ ਪੇਟ ਬੁਟੀਗੀਗ ਤੇ ਐਂਡਰੀਊ ਯਾਂਗ ਜੋ ਚੌਥੇ ਤੇ ਪੰਜਾਵੇ ਸਥਾਨ 'ਤੇ ਰਹੇ ਹਨ ਤੋਂ ਵੀ ਪਛੜ ਗਏ ਹਨ।

# ਐਂਟੀ ਬਾਇਟਿਕਸ ਦੇ ਪ੍ਰਤੀ ਰੈਜਿਸਟੈਂਸ ਘੱਟ ਕਰਦੀ ਹੈ ਗ੍ਰੀਨ ਟੀ

ਵਾਸ਼ਿੰਗਟਨ, 25 ਸਤੰਬਰ (ਪੋਸਟ ਬਿਊਰੋ)- ਐਂਟੀ-ਆਕਸੀਡੈਂਟਸ ਨਾਲ ਭਰਪੂਰ ਗ੍ਰੀਨ-ਟੀ ਦੁਨੀਆ ਭਰ ਵਿੱਚ ਸਭ ਤੋਂ ਜ਼ਿਆਦਾ ਪੀਤੀ ਜਾਣ ਵਾਲੀ ਡ੍ਰਿੰਕਸ ਵਿੱਚੋਂ ਇੱਕ ਹੈ ਅਤੇ ਇਸ ਦੇ ਕਈ ਫਾਇਦਿਆਂ ਕਾਰਨ ਇਸ ਨੂੰ ਮੈਡੀਕਲ ਡ੍ਰਿੰਕ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਗ੍ਰੀਨ-ਟੀ ਪੀਣ ਨਾਲ ਨਾ ਸਿਰਫ ਵਜ਼ਨ ਘੱਟ ਹੁੰਦਾ ਹੈ ਬਲਕਿ ਬਲੱਡ ਪ੍ਰੈਸ਼ਰ ਕੰਟਰੋਲ ਵਿੱਚ ਰਹਿੰਦਾ ਹੈ, ਕੋਲਸਟ੍ਰੋਲ ਮੈਨੇਜ ਕਰਨ ਵਿੱਚ ਮਦਦ ਮਿਲਦੀ ਹੈ, ਸਕਿਨ ਹੈਲਦੀ ਰਹਿੰਦੀ ਹੈ, ਸਟ੍ਰੈਸ ਤੋਂ ਛੁਟਕਾਰਾ ਮਿਲਦਾ ਹੈ, ਇਮਨਿਊਨਿਟੀ ਸਟਰਾਂਗ ਹੁੰਦੀ ਹੈ ਅਤੇ ਸਰੀਰ ਨੂੰ ਡੀਟਾਕਸ ਕਰਨ ਵਿੱਚ ਮਦਦ ਮਿਲਦੀ ਹੈ।

ਇਨ੍ਹਾਂ ਸਭ ਦੇ ਇਲਾਵਾ ਇੱਕ ਤਾਜ਼ਾ ਰਿਸਰਚ ਵਿੱਚਇਸ ਗੱਲ ਦਾ ਖੁਲਾਸਾ ਹੋਇਆ ਕਿ ਗ੍ਰੀਨ ਟੀ ਪੀਣ ਦਾ ਇੱਕ ਹੋਰ ਸਭ ਤੋਂ ਵੱਡਾ ਫਾਇਦਾ ਹੈ ਕਿ ਇਹ ਬੈਕਟੀਰੀਆ ਦੇ ਪ੍ਰਤੀ ਐਂਟੀਬਾਇਟਿਕ ਰੈਜਿਸਟੈਂਸ ਨੂੰ ਘੱਟ ਕਰਨ ਵਿੱਚ ਮਦਦ ਕਰਦੀ ਹੈ। ਗ੍ਰੀਨ ਟੀ ਵਿੱਚ ਮੌਜੂਦ ਇੱਕ ਨੈਚੁਰਲ ਐਂਟੀਆਕਸੀਡੈਂਟ ਐਂਟੀਬਾਇਟਿਕ ਰੈਜਿਸਟੈਂਟ ਬੈਕਟੀਰੀਆ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ। ਮੈਡੀਕਲ ਮਾਇਕ੍ਰੋਬਾਇਲੋਜੀ ਨਾਂਅ ਦੇ ਜਰਨਲ ਵਿੱਚ ਛਪੀ ਸਟੱਡੀ ਦੇ ਨਤੀਜੇ ਦੱਸਦੇ ਹਨ ਕਿ ਗ੍ਰੀਨ-ਟੀ ਵਿੱਚ ਪਾਏ ਜਾਣ ਵਾਲਾ ਈ ਜੀ ਸੀ ਜੀ, ਐਜਟ੍ਰੀਓਨਮ, ਆਮ ਤੌਰ 'ਤੇ ਵਰਣ ਵਾਲੀ ਐਂਟੀਬਾਇਟਿਕ ਦੀ ਐਕਟੀਵਿਟੀ ਨੂੰ ਰੀ-ਸਟੋਰ ਕਰਨ ਵਿੱਚ ਮਦਦ ਕਰਦਾ ਹੈ ਜਿਸ ਦਾ ਇਸਤੇਮਾਲ ਬੈਕਟੀਰੀਅਲ ਪੈਥੋਜਨ ਪੀ ਐਰੂਜਿਨੋਸਾ ਨਾਲ ਹੋਣ ਵਾਲੇ ਇਨਫੈਕਸ਼ਨ ਨੂੰ ਠੀਕ ਕਰਨ ਵਿੱਚ ਕੀਤਾ ਜਾਂਦਾ ਹੈ।

# ਰਿਸ਼ਤੇਦਾਰਾਂ ਨੇ ਆਪਸ ਵਿੱਚ 23 ਵਿਆਹ ਕੀਤੇ, ਫਿਰ ਤਲਾਕ ਲਿਆ

ਬੀਜਿੰਗ, 25 ਸਤੰਬਰ (ਪੋਸਟ ਬਿਊਰੋ)- ਚੀਨ ਵਿੱਚ ਸਰਕਾਰੀ ਯੋਜਨਾ ਹੇਠ ਘਰ ਹਾਸਲ ਕਰਨ ਲਈ ਇਕੋ ਪਰਿਵਾਰ ਦੇ 11 ਮੈਂਬਰਾਂ ਨੇ ਇਕ ਮਹੀਨੇ ਵਿੱਚ ਹੀ ਆਪਸ ਵਿੱਚ 23 ਵਿਆਹ ਕੀਤੇ ਅਤੇ ਤਲਾਕ ਲਿਆ।

ਸਰਕਾਰੀ ਅਖ਼ਬਾਰ ਗਲੋਬਲ ਟਾਈਮਜ਼ ਦੀ ਰਿਪੋਰਟ ਮੁਤਾਬਕ ਝੇਜਿਆਂਗ ਸੂਬੇ ਵਿੱਚ ਚੀਨ ਸਰਕਾਰ ਦੇ ਵਿਕਾਸ ਪ੍ਰਾਜੈਕਟ ਹੇਠ ਅਧਿਕਾਰੀਆਂ ਨੇ ਉਸ ਖੇਤਰ ਵਿੱਚ ਲੋਕਾਂ ਨੂੰ 40 ਵਰਗ ਮੀਟਰ ਦਾ ਅਪਾਰਟਮੈਂਟ ਦੇਣ ਦਾ ਐਲਾਨ ਕੀਤਾ ਸੀ, ਜਿੱਥੇ ਪੁਰਾਣੇ ਮਕਾਨਾਂ ਨੂੰ ਤਬਾਹ ਕੀਤਾ ਗਿਆ ਸੀ। ਪ੍ਰਾਜੈਕਟ ਦਾ ਲਾਭ ਉਠਾਉਣ ਲਈ ਇੱਕ ਪਰਿਵਾਰ ਦੇ ਮੈਂਬਰਾਂ ਨੇ ਫਰਜ਼ੀ ਵਿਆਹ ਕੀਤੇ ਅਤੇ ਫਿਰ ਤਲਾਕ ਲੈ ਲਿਆ। ਅਖ਼ਬਾਰ ਮੁਤਾਬਕ ਸ਼ੱਕੀ ਪਰਿਵਾਰ ਦੀ ਜਾਲਸਾਜ਼ੀ ਉਦੋਂ ਸ਼ੁਰੂ ਹੋਈ, ਜਦੋਂ ਪੈਨ ਨਾਂ ਦੇ ਇੱਕ ਆਦਮੀ ਨੇ ਆਪਣੀ ਸਾਬਕਾ ਪਤਨੀ ਸ਼ੀ ਨਾਲ ਵਿਆਹ ਕੀਤਾ। ਸ਼ੀ ਦਾ ਨਾਂ ਉਸ ਪੇਂਡੂ ਇਲਾਕੇ ਦੀ ਨਾਗਰਿਕ ਵਜੋਂ ਰਜਿਸਟਰਡ ਸੀ, ਜਿੱਥੇ ਘਰ ਮਿਲ ਰਹੇ ਸਨ। ਇਹ ਦਸਤਾਵੇਜ਼ ਘਰ ਲੈਣ ਲਈ ਜ਼ਰੂਰੀ ਸੀ, ਇਸ ਲਈ ਦੋਵਾਂ ਨੇ ਛੇ ਮਾਰਚ ਨੂੰ ਵਿਆਹ ਕੀਤਾ। ਸ਼ੀ ਨੂੰ ਜਦੋਂ ਰਿਹਾਇਸ਼ੀ ਕਾਗਜ਼ ਮਿਲ ਗਏ ਤਾਂ ਦੋਵਾਂ ਨੇ ਛੇ ਦਿਨਾਂ ਵਿੱਚ ਤਲਾਕ ਲੈ ਲਿਆ। ਪੈਨ ਸਰਕਾਰੀ ਯੋਜਨਾ ਦਾ ਹੋਰ ਲਾਭ ਲੈਣਾ ਚਾਹੁੰਦਾ ਸੀ। ਇਸ ਲਈ ਉਸ ਨੇ ਆਪਣੀ ਭਰਜਾਈ ਨਾਲ ਵਿਆਹ ਕੀਤਾ ਤੇ ਤਲਾਕ ਲਿਆ। ਫਿਰ 15 ਦਿਨਾਂ ਦੇ ਅੰਦਰ ਭਰਜਾਈ ਦੀ ਭੈਣ ਨਾਲ ਵਿਆਹ ਕਰ ਕੇ ਤਲਾਕ ਲੈ ਲਿਆ। ਉਸ ਦੇ ਪਰਿਵਾਰ ਦੇ ਹੋਰ ਮੈਂਬਰਾਂ ਨੇ ਵੀ ਇਸੇ ਤਰ੍ਹਾਂ ਆਪੋ ਵਿੱਚ ਵਿਆਹ ਕੀਤਾ ਤੇ ਤਲਾਕ ਲਿਆ।

### ਪਾਕਿਸਤਾਨ ਨੇ ਕਿਹਾ:

# ਸਾਡੇ ਪਾਇਲਟ ਰਾਫੇਲ ਪਹਿਲਾਂ ਹੀ ਉਡਾ ਚੁੱਕੇ ਹਨ



ਨਵੀਂ ਦਿੱਲੀ, 25 ਸਤੰਬਰ (ਪੋਸਟ ਬਿਊਰੋ)- ਫਰਾਂਸ ਦੇ ਪ੍ਰਮੁੱਖ ਲੜਾਕੂ ਜਹਾਜ਼ ਰਾਫੇਲ ਦੀ ਪਹਿਲੀ ਖੇਪ ਭਾਰਤ ਪਹੁੰਚਣ ਵਿੱਚ ਇੱਕ ਪਖਵਾੜੇ ਤੋਂ ਘੱਟ ਸਮਾਂ ਹੈ। ਇਸੇ ਦੌਰਾਨ ਇਸਲਾਮਾਬਾਦ ਦੇ ਇੱਕ ਅਖਬਾਰ ਨੇ ਲਿਖਿਆ ਹੈ ਕਿ ਪਾਕਿਸਤਾਨੀ ਹਵਾਈ ਫੌਜ (ਪੀ ਏ ਐੱਫ) ਦੇ ਪਾਇਲਟਾਂ ਨੂੰ ਪਹਿਲਾਂ ਹੀ ਇਸ ਜੈਟ ਨੂੰ ਉਡਾਉਣ ਦਾ ਅਨੁਭਵ ਹੈ।

ਅਖਬਾਰ ਦੀ ਰਿਪੋਰਟ ਵਿੱਚ ਇਥੋਂ ਤੱਕ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਦੀ ਫੌਜ ਇਸ ਜਹਾਜ਼ ਨੂੰ ਚਲਾਉਣ ਲਈ ਫਰਾਂਸ ਵਿੱਚ ਟਰੇਨਿੰਗ ਲੈ ਚੁੱਕੀ ਹੈ। ਇਹ ਮੀਡੀਆ ਰਿਪੋਰਟ ਸਬੂਤਾਂ ਤੋਂ ਸੱਖਣੀ ਹੈ ਅਤੇ ਇਸ ਵਿੱਚ ਕੋਈ ਵੀ ਸੰਦਰਭ ਨਹੀਂ ਦਿੱਤਾ ਗਿਆ। ਰਿਪੋਰਟ ਵਿੱਚ ਇਹ ਦੱਸਿਆ ਗਿਆ ਹੈ ਕਿ ਪਾਕਿ ਫੌਜ ਇਸ ਦੇ ਸਟੀਕ ਨਿਰਦੇਸ਼ਾਂ ਤੋਂ ਵੀ ਜਾਣੂ ਹੈ।

ਭਾਰਤੀ ਹਵਾਈ ਫੌਜ (ਆਈ ਏ ਐੱਫ) ਦੇ ਅਧਿਕਾਰੀਆਂ ਨੇ ਇਸ ਮੀਡੀਆ ਰਿਪੋਰਟ ਦੀ ਆਲੋਚਨਾ ਕਰਦੇ ਹੋਏ ਇਸ ਨੂੰ ਆਧਾਰਹੀਣ ਕਰਾਰ ਦਿੱਤਾ। ਰਿਪੋਰਟ ਵਿੱਚ ਕਿਹਾ ਗਿਆ, ਤਾਜ਼ਾਂ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨੀ ਪਾਇਲਟਾਂ ਦੀ ਜਹਾਜ਼ ਤੱਕ ਪਹੁੰਚ ਹੋ ਚੁੱਕੀ ਹੈ। ਉਨ੍ਹਾਂ ਨੂੰ ਇਸ ਨੂੰ ਚਲਾਉਣ ਲਈ ਫਰਾਂਸ ਵਿੱਚ ਟਰੇ-ਨਿੰਗ ਦਿੱਤੀ ਜਾ ਚੁੱਕੀ ਹੈ। ਪਾਕਿਸਤਾਨੀ ਫੌਜ ਨੂੰ ਸੰਭਾਵਤ ਲੜਾਕੂ ਜਹਾਜ਼ਾਂ ਦੇ ਸਟੀਕ ਨਿਰਦੇਸ਼ਾਂ ਦੇ ਬਾਰੇ ਪਤਾ ਹੈ। ਅਖਬਾਰ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਹਾਜ਼ ਦੇ ਭਾਰਤ ਵਿੱਚ ਪਹੁੰਚਣ ਤੋਂ ਪਹਿਲਾਂ ਪਾਕਿਸਤਾਨੀ ਹਵਾਈ ਫੌਜ ਨੂੰ ਇਸ ਦੀ ਜਾਣਕਾਰੀ ਹੋਣ ਤੋਂ ਇਹ ਭਾਰਤ ਲਈ ਵੱਡਾ ਝਟਕਾ ਹੈ।

ਭਾਰਤ ਨੇ 36 ਰਾਫੇਲ ਜਹਾਜ਼ਾਂ ਦੇ ਲਈ ਫਰਾਂਸ ਤੇ ਡਸਾਲਟ ਏਵੀਏਸ਼ਨ ਦੇ ਨਾਲ ਅਰਬਾਂ ਡਾਲਰ ਦੇ ਇੰਟਰ ਗਵਮੈਂਟ ਸਮਝੌਤੇ 'ਤੇ ਹਸਤਾਖਰ ਕੀਤੇ ਹਨ। ਇਨ੍ਹਾਂ ਵਿੱਚੋਂ ਪਹਿਲਾਂ ਜਹਾਜ਼ ਨੂੰ ਭਾਰਤੀ ਹਵਾਈ ਫੌਜ ਵੱਲੋਂ ਪਿਛਲੇ ਹਫਤੇ ਫਰਾਂਸ ਵਿੱਚ ਤਕਨੀਕੀ ਰੂਪ ਤੋਂ ਮਨਜ਼ੂਰੀ ਵੀ ਦਿੱਤੀ ਜਾ ਚੁੱਕੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਅਗਲੇ ਮਹੀਨੇ ਦੁਸ਼ਹਿਰੇ ਦੇ ਮੌਕੇ 'ਤੇ ਫਰਾਂਸ ਤੋਂ ਰਸਮੀ ਰੂਪ ਤੋਂ ਜਹਾਜ਼ ਪ੍ਰਾਪਤ ਕਰਨਗੇ।

# ਮੈਸੀ ਨੂੰ ਮਿਲਿਆ ਫੀਫਾ ਆਫ ਦਿ ਯੀਅਰ ਐਵਾਰਡ

ਰੋਮ, 25 ਸਤੰਬਰ (ਪੋਸਟ ਬਿਊਰੋ)- ਅਰਜਨਟੀਨਾ ਦੇ ਸਟਾਰ ਫੁੱਟਬਾਲਰ ਲਿਓਨਿਲ ਮੈਸੀ ਅਤੇ ਅਮਰੀਕਾ ਨੂੰ ਮਹਿਲਾ ਫੁੱਟਬਾਲ ਵਿਸ਼ਵ ਕੱਪ ਦਾ ਖਿਤਾਬ ਦਿਵਾਉਣ ਵਾਲੀ ਮੇਗਨ ਰੈਪੀਨੋਏ ਨੂੰ ਫੀਫਾ ਵੱਲੋਂ ਸਾਲ ਦੇ ਸਰਵ ਸ੍ਰੇਸ਼ਠ ਪੁਰਸ਼ ਤੇ ਮਹਿਲਾ ਫੁੱਟਬਾਲਰ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਬਾਰਸੀਲੋਨਾ ਦੇ ਸਟ੍ਰਾਈਕਰ ਮੈਸੀ ਨੇ ਲਿਵਰਪੂਲ ਨੂੰ ਚੈਂਪੀਅਨਸ ਲੀਗ ਦਾ ਖਿਤਾਬ ਦਿਵਾਉਣ ਵਾਲੇ ਵਿਰਜਿਲ ਵਾਨ ਦਿਜਿਦ ਨੂੰ ਪਛਾੜ ਕੇ ਇਹ ਐਵਾਰਡ ਆਪਣੇ ਨਾਂਅ ਕੀਤਾ ਹੈ, ਜਿਸ ਨੂੰ ਪਿਛਲੇ ਮਹੀਨੇ ਯੂਏਫਾ ਪਲੇਅਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ। ਯੂਵੈਂਟਸ ਫਾਰਵਰਡ ਕ੍ਰਿਸਟੀਆਨੋ ਰੋਨਾਲਡੋ ਨੂੰ ਇਸ ਐਵਾਰਡ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਗਿਆ ਸੀ। ਉਹ ਸਨਮਾਨ ਸਮਾਰੋਹ ਵਿੱਚ ਸ਼ਾਮਲ ਨਹੀਂ ਹੋਇਆ। 32 ਸਾਲਾ ਮੈਸੀ ਤੇ 28 ਸਾਲਾ ਵਾਨ ਇਸ ਸਾਲ ਵੱਕਾਰੀ ਬੈਲਡ ਡੀ ਓਰ ਐਵਾਰਡ ਦੀ ਦੌੜ ਵਿੱਚ ਸਭ ਤੋਂ ਅੱਗੇ ਹਨ, ਜਿਸ ਦਾ ਐਲਾਨ ਦੋ ਦਸੰਬਰ ਨੂੰ ਕੀਤਾ ਜਾਵੇਗਾ।

ਅਮਰੀਕੀ ਮਹਿਲਾ ਫੁੱਟਬਾਲਰ ਰੈਪੀਨੋਏ ਨੇ ਹਮ-ਵਤਨ ਵਿਸ਼ਵ ਕੱਪ ਜੇਤੂ ਟੀਮ ਦੀ ਖਿਡਾਰੀ ਐਲੇਕਸ ਮੋਰਗਨ ਤੇ ਇੰਗਲੈਂਡ ਦੀ ਲੂਸੀ ਬ੍ਰਾਂਜ ਨੂੰ ਹਰਾ ਕੇ ਇਹ ਸਨਮਾਨ ਹਾਸਲ ਕੀਤਾ। ਇਸਟੀਮ ਦੇ ਕੋਚ ਜਿਲ ਐਲਿਸ ਨੂੰ ਸਰਵਸ੍ਰੇਸ਼ਠ ਮਹਿਲਾ ਕੋਚ ਐਵਾਰਡ ਦਿੱਤਾ ਗਿਆ। 34 ਸਾਲ ਦੇ ਰੈਪੀਨੋਏ ਨੂੰ ਮਹਿਲਾ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਗੋਲ ਕਰਨ ਲਈ ਗੋਲਡਨ ਬੂਟ ਤੇ ਵਿਸ਼ਵ ਕੱਪ ਦੀ ਸਰਵਸ੍ਰੇਸ਼ਠ ਖਿਡਾਰੀ ਲਈ ਗ੍ਰੋਸਨ ਬਾਲ ਨਾਲ ਸਨਮਾਨਤ ਕੀਤਾ ਗਿਆ ਸੀ। ਉਥੇ ਬਾਰਸੀਲੋਨਾ ਸਟਾਰ ਮੈਸੀ ਚੈਂਪੀਅਨਸ ਲੀਗ ਦੇ ਪਿਛਲੇ ਸੈਸ਼ਨ ਵਿੱਚ 12 ਗੋਲਾਂ ਨਾਲ ਟਾਪ ਸਕੋਰਰ ਰਿਹਾ ਸੀ। ਉਸ ਦੀ ਟੀਮ ਨੂੰ ਸੈਮੀਫਾਈਨਲ ਵਿੱਚ ਲਿਵਰਪੂਲ ਨੇ ਹਰਾ ਕੇ ਬਾਹਰ ਕਰ ਦਿੱਤਾ ਸੀ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN
Hankook
Continental
ROADLUX
BFGoodrich
AEOLUS
COMPASAL
Chevron
Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
1715 Sismet Rd, Mississauga | Call Ranjit: 416.624.8351 | Tel: 905.625.0055

# ਗਦੇਲਿਆਂ 'ਚ ਮੋਹਰੀ ਭਾਰਤੀ ਕੰਪਨੀ 'ਸਲੰਬਰਜ਼ੋਨ' ਨੇ ਜਾਰੀ ਕੀਤਾ ਨਵਾਂ ਬੈੱਡ 'ਕੌਪਰਟਾਈਨ'

## ਆਧੁਨਿਕ ਤਕਨੀਕ, ਤਾਂਬੇ ਦੀ ਧਾਤ ਅਤੇ ਜਰਮਨੀ ਦੇ ਸਪਰਿੰਗਾਂ ਨਾਲ ਬਣਿਆ ਪਹਿਲਾ ਬੈੱਡ ਲਾਂਚ



ਆਕਲੈਂਡ, 25 ਸਤੰਬਰ (ਹਰਜਿੰਦਰ ਸਿੰਘ ਬਸਿਆਲਾ)-ਕਹਿੰਦੇ ਨੇ ਚੰਗੀ ਨੀਂਦ ਲੈਣ ਤੋਂ ਬਾਅਦ ਇਨਸਾਨ ਦੁਬਾਰਾ ਨਵਾਂ-ਨਰੋਆ ਮਹਿਸੂਸ ਕਰਦਾ ਹੈ। ਚੰਗੀ ਨੀਂਦ ਲੈਣ ਲਈ ਜਿੱਥੇ ਸਿਰ ਉਤੇ ਬੇਫਿਕਰੀ ਦਾ ਤਾਜ ਹੋਣਾ ਚਾਹੀਦਾ ਹੈ ਉਥੇ ਸਰੀਰ ਹੇਠਾਂ ਰੱਖਿਆ ਗਦੈਲਾ ਨਰਮ ਹੋਣਾ ਚਾਹੀਦਾ ਹੈ। ਆਧੁਨਿਕਤਾ ਦੇ ਯੁੱਗ ਵਿਚ ਹੁਣ ਗੱਲ ਸਿਰਫ ਨਰਮਾਈ ਤੱਕ ਨਹੀਂ ਰਹੀ ਸਗੋਂ ਆਧੁਨਿਕਤਾ ਅਤੇ ਤਕਨੀਕ ਨੇ ਇਸ ਗਦੈਲੇ ਨੂੰ ਹੋਰ ਹੰਢਣਸਾਰ ਅਤੇ ਸਿਹਤ ਸੰਭਾਲ ਵਾਲਾ ਬਣਾ ਦਿੱਤਾ ਹੈ। ਗਦੈਲਿਆਂ ਦੀ ਮੋਹਰੀ ਭਾਰਤੀ ਕੰਪਨੀ 'ਸਲੰਬਰਜ਼ੋਨ' ਨੇ ਅੱਜ ਇਕ ਨਵਾਂ ਬੈਜੱਡ ਅਤੇ ਗਦੈਲਾ ਜਾਰੀ ਕੀਤਾ ਹੈ ਜਿਸ ਦਾ ਨਾਂਅ 'ਕੌਪਰਟਾਈਨ' ਰੱਖਿਆ ਗਿਆ ਹੈ। ਇਸ ਨੂੰ ਬਨਾਉਣ ਦੇ ਵਿਚ ਜ਼ਰਮਨੀ ਦੀ ਇਕ ਕੰਪਨੀ 'ਐਗਰੋ' ਦਾ ਮੁੱਖ ਯੋਗਦਾਨ ਹੈ। ਨਿਊਜ਼ੀਲੈਂਡ ਰਗਬੀ ਟੀਮ ਦੇ ਸਾਬਕਾ ਖਿਡਾਰੀ ਅਤੇ ਟੀ.ਵੀ. ਪੇਸ਼ਕਾਰ ਸ੍ਰੀ ਜੋਸ਼ ਕ੍ਰੋਨਫੈਲਡ ਨੇ ਅੱਜ ਇਸ ਆਧੁਨਿਕ ਬੈਜਜੱਡ ਦਾ ਰੀਬਨ ਕੱਟ ਕੇ ਰਸਮੀ ਉਦਘਾਟਨ ਕੀਤਾ। ਇਸ ਪਹਿਲੇ ਕੌਪਰਟਾਈਨ ਬੈਜਜੱਡ (ਫਲੈਂਕਰ ਮਾਡਲ) ਦੇ ਉਤੇ 'ਆਲ ਬਲੈਕ' ਰਗਬੀ ਟੀਮ ਦੇ ਕੈਪਟਨ ਕੇਰਾਨ ਰੀਡ ਦੇ ਦਸਤਖਤ ਕਰਵਾਏ ਗਏ ਹਨ ਅਤੇ ਇਸ ਨੂੰ 'ਚਾਇਲਡ ਕੈਂਸਰ ਫਾਊਂਡੇਸ਼ਨ' ਨੂੰ ਭੇਟ ਕੀਤਾ ਗਿਆ। ਰਗਬੀ ਵਰਲਡ ਕੱਪ ਦੇ ਚਲਦਿਆਂ ਇਸ ਕੌਪਰਟਾਈਨ ਬੈਡ ਦੀ ਵਿਕਰੀ ਦੇ ਵਿਚੋ ਕੁਝ ਹਿੱਸਾ ਕੈਂਸਰ ਹਸਪਤਾਲ ਨੂੰ ਜਾਵੇਗਾ ਅਤੇ ਇਹ ਰਕਮ 15,000 ਡਾਲਰ ਤੱਕ ਇਕੱਠੀ ਕੀਤੀ ਜਾਵੇਗੀ। ਚੋਣਵੇਂ ਮਹਿਮਾਨਾਂ ਦੇ ਲਈ ਰੱਖੇ ਇਸ ਸਮਾਗਮ ਦੇ ਵਿਚ ਕੰਪਨੀ ਦੇ ਮਾਲਕਾਂ ਸ੍ਰੀ ਰੰਜੇ ਸਿੱਕਾ, ਜਿੰਮੀ ਸਿੱਕਾ ਅਤੇ ਹੀਨਾ ਸਿੱਕਾ ਨੇ ਸੰਬੋਧਨ ਕੀਤਾ। ਮੈਨੇਜਰ ਵਿਕਰਮ ਨਾਗਪਾਲ ਹੋਰਾਂ ਇਸ ਤਕਨੀਕੀ ਬੈਡ ਬਾਰੇ ਬਹੁਤ ਹੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਕੰਪਨੀ ਦੀ ਨਵੀਂ ਵੈਬਸਾਈਟ ਬਾਰੇ ਦੱਸਿਆ ਗਿਆ। ਬੈਜਜੱਡ ਦੀ ਬਣਤਰੀ ਲਈ ਵਰਤੇ ਗਏ ਸਪਰਿੰਗਾਂ ਬਾਰੇ ਜਾਣਕਾਰੀ ਦਿੱਤੀ ਗਈ। ਅੱਜ ਦਾ ਇਹ ਸਮਾਗਮ ਨੋਵੋਟੈਲ ਹੋਟਲ ਐਲਰਸਲੀ ਵਿਖੇ ਰੱਖਿਆ ਗਿਆ ਸੀ।

# Respecting Legal Firearms Owners and Targeting Criminals

September 24 : The legal use of firearms has always been part of Canadian tradition and culture. Today, there are over 2 million hunters, ranchers, trappers, farmers, target shooters, recreational shooters and collectors who legally possess firearms in our country.

Legal firearms owners deserve a legal framework that protects their property rights and treats them with fairness and respect. We need a common-sense approach to gun control that promotes safety while removing the threat of arbitrary criminal prosecution and safety in our communities.

However, despite this group being exceptionally law abiding and the most highly vetted segment in the Canadian population, the existing firearms legislation unfairly targets them, does not respect their property rights, and is highly arbitrary.

In 1995, Bill C-68 created the Firearms Act, the strictest gun-control legislation in Canadian history. Its most controversial feature, the creation of a long-gun registry, was repealed in 2012.

The People's Party of Canada (PPC) has looked making gun ownership more complex and supports lifetime firearm certifications after proper vetting and training. It promises anyone who legally bought a gun and had to relinquish it to the government due to new rules would be reimbursed. The PPC will future regulation of firearms to be handled by Parliament, not police or cabinet.

The People's Party of Canada says it would double the length of licenses from five years to 10, repeal restrictions on magazine size, classify guns based on function, not appearance, and make safety classes more available. Canada's firearms legislation must protect society from the criminal misuse of firearms and prioritize the deterrence and punishment of criminals.

A People's Party government will replace the Firearms Act and supporting legislation with new legislation that will prioritize effective measures to improve public safety and fight crime in Canada.

